ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ     ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸੋਮਵਾਰ 9 ਜੂਨ 2025 • ਸਾਲ 1 • ਅੰਕ 66 • ਪੰਨੇ 8 • Daily online PANJ AAB Newspaper • Germany & India • www.5aab.media

# ਦਰਦਨਾਕ ਸੜਕ ਹਾਦਸੇ 'ਚ 2 ਦੋਸਤਾਂ ਦੀ ਹੋਈ ਮੌਤ

## 6 ਭੈਣਾਂ ਦਾ ਇਕਲੌਤਾ ਭਰਾ ਸੀ ਇੱਕ ਨੌਜਵਾਨ



**ਜਲੰਧਰ (ਬਾਠ)**
ਗੁਰਾਇਆ ਦੇ ਬੋਪਾਰਾਏ ਨਹਿਰ ਪੁਲੀ 'ਤੇ ਵਾਪਰੇ ਦਰਦਨਾਕ ਹਾਦਸੇ ਵਿੱਚ 2 ਦੋਸਤਾਂ ਦੀ ਦਰਦਨਾਕ ਮੌਤ ਹੋਣ ਨਾਲ ਪਿੰਡ ਘੁੜਕਾ 'ਚ ਸੋਗ ਦੀ ਲਹਿਰ ਦੌੜ ਗਈ ਹੈ। ਉਹ ਇੱਕ ਮੋਟਰਸਾਈਕਲ 'ਤੇ ਸਵਾਰ ਸਨ ਅਤੇ ਇੱਕ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਮ੍ਰਿਤਕਾਂ ਦੀ ਪਛਾਣ ਸਿਮਰਜੀਤ (15) ਮਹੇ ਪੁੱਤਰ ਬਲਦੇਵ ਰਾਮ ਵਾਸੀ ਪਿੰਡ ਘੁੜਕਾ ਅਤੇ ਲਾਲੀ (16) ਪੁੱਤਰ ਅਸ਼ੋਕ ਕੁਮਾਰ ਵਾਸੀ ਪਿੰਡ ਘੁੜਕਾ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਸਿਮਰਜੀਤ ਰਾਜ ਮਿਸਤਰੀ ਦਾ ਕੰਮ ਕਰਦਾ ਸੀ। ਲਾਲੀ 6 ਭੈਣਾਂ ਦਾ ਇਕਲੌਤਾ ਭਰਾ ਸੀ ,ਜੋ ਦਸਵੀਂ ਜਮਾਤ ਦਾ ਵਿਦਿਆਰਥੀ ਸੀ ਅਤੇ ਕਈ ਥਾਵਾਂ 'ਤੇ ਅਰਦਾਸਾਂ ਕਰਨ ਤੋਂ ਬਾਅਦ ਮਾਪਿਆਂ ਨੂੰ ਪੁੱਤਰ ਮਿਲਿਆ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਦੋਵੇਂ ਨੌਜਵਾਨ ਬਾਈਕ 'ਤੇ ਸਵਾਰ ਸਨ ਅਤੇ ਦੋਵੇਂ ਗੁਰਾਇਆ ਤੋਂ ਸੰਗ ਢੇਸੀਆਂ ਵੱਲ ਆ ਰਹੇ ਸਨ। ਦੋਵੇਂ ਨੌਜਵਾਨਾਂ ਦੀ ਮੌਤ ਸਿਰ ਵਿੱਚ ਸੱਟਾਂ ਲੱਗਣ ਕਾਰਨ ਹੋਈ ਹੈ ਪਰ ਬਾਈਕ ਨੂੰ ਜ਼ਿਆਦਾ ਨੁਕਸਾਨ ਨਹੀਂ ਪਹੁੰਚਿਆ।

ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਪਹਿਲਾਂ ਰੋਡ ਸੇਫਟੀ ਫੋਰਸ ਅਤੇ ਫਿਰ ਥਾਣਾ ਗੁਰਾਇਆ ਦੀ ਪੁਲਿਸ ਮੌਕੇ (ਬਾਕੀ 2 ਤੇ)





# ਮਣੀਪੁਰ 'ਚ ਫਿਰ ਤਣਾਅ, ਹਿੰਸਾ ਤੇ ਅੱਗਜ਼ਨੀ, ਪ੍ਰਦਰਸ਼ਨਕਾਰੀਆਂ ਨੇ ਆਪਣੇ ਆਪ 'ਤੇ ਪਾਇਆ ਪੈਟਰੋਲ

**ਮਣੀਪੁਰ** - ਮਣੀਪੁਰ ਵਿੱਚ ਹਾਲਾਤ ਫਿਰ ਤੋਂ ਵਿਗੜ ਗਏ ਹਨ। ਘਾਟੀ ਦੇ ਕਈ ਜ਼ਿਲ੍ਹਿਆਂ ਵਿੱਚ ਤਾਜ਼ਾ ਹਿੰਸਾ ਤੋਂ ਬਾਅਦ ਤਣਾਅ ਵਧ ਗਿਆ ਹੈ, ਜਿਸ ਕਾਰਨ ਕਈ ਇਲਾਕਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ ਅਤੇ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਉੱਤਰ-ਪੂਰਬੀ ਰਾਜ ਵਿੱਚ ਸ਼ਨੀਵਾਰ ਰਾਤ ਨੂੰ ਮੀਤੇਈ ਸੰਗਠਨ ਦੇ ਇੱਕ ਨੇਤਾ ਅਤੇ ਕੁਝ ਹੋਰ ਮੈਂਬਰਾਂ ਦੀ ਗ੍ਰਿਫਤਾਰੀ ਦੀਆਂ ਰਿਪੋਰਟਾਂ ਤੋਂ ਬਾਅਦ ਇਲਾਕੇ ਵਿੱਚ ਅਸ਼ਾਂਤੀ ਫੈਲ ਗਈ। ਪ੍ਰਦਰਸ਼ਨਕਾਰੀਆਂ ਨੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਸੜਕਾਂ ਦੇ ਵਿਚਕਾਰ ਟਾਇਰ ਅਤੇ ਪੁਰਾਣਾ ਫਰਨੀਚਰ ਸਾੜ ਦਿੱਤਾ, ਹਵਾਈ ਅੱਡੇ ਦੇ ਪ੍ਰਵੇਸ਼ ਦੁਆਰ ਦਾ ਘਿਰਾਓ ਕੀਤਾ ਅਤੇ ਆਪਣੇ ਨੇਤਾ ਦੀ ਰਿਹਾਈ ਦੀ ਮੰਗ ਕਰਦੇ ਹੋਏ ਸੁਰੱਖਿਆ ਬਲਾਂ ਨਾਲ ਝੜਪ ਕੀਤੀ। ਰਾਜਧਾਨੀ ਇੰਫਾਲ ਵਿੱਚ ਕੁਝ ਲੋਕਾਂ ਨੇ ਆਤਮਦਾਹ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸ ਕਾਰਨ ਅੱਜ ਐਤਵਾਰ ਨੂੰ ਵੀ ਸਥਿਤੀ ਤਣਾਅਪੂਰਨ ਬਣੀ ਰਹੀ।

# ਰਿਹਾਇਸ਼ੀ ਇਲਾਕੇ 'ਚ ਪੇਂਟ ਫੈਕਟਰੀ 'ਚ ਲੱਗੀ ਭਿਆਨਕ ਅੱਗ, ਜ਼ਿੰਦਾ ਸੜੇ ਦੋ ਲੋਕ



**ਅੰਮ੍ਰਿਤਸਰ - (ਅਰਵਿੰਦਰ ਵੜੈਚ)**- ਥਾਣਾ ਗੇਟ ਹਕੀਮਾਂ ਅਧੀਨ ਆਉਂਦੇ ਅੰਨਗੜ੍ਹ ਵਿੱਚ ਗੈਰ-ਕਾਨੂੰਨੀ ਢੰਗ ਨਾਲ ਚਲਾਈ ਜਾ ਰਹੀ ਪੇਂਟ ਫੈਕਟਰੀ ਵਿੱਚ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਹੈ। ਘਟਨਾ ਦਾ ਪਤਾ ਲੱਗਦੇ ਹੀ ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਮੌਕੇ 'ਤੇ ਪਹੁੰਚੀਆਂ। ਇੱਕ ਘੰਟੇ ਦੀ ਕੋਸ਼ਿਸ਼ ਤੋਂ ਬਾਅਦ ਕਿਸੇ ਤਰ੍ਹਾਂ ਅੱਗ 'ਤੇ ਕਾਬੂ ਪਾ ਲਿਆ ਗਿਆ। ਦੂਜੇ ਪਾਸੇ, ਪੁਲਿਸ ਮੌਕੇ 'ਤੇ ਪਹੁੰਚੀ ਅਤੇ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਉਣਾ ਸ਼ੁਰੂ ਕਰ ਦਿੱਤਾ ਅਤੇ ਲਾਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਜਾਣਕਾਰੀ ਅਨੁਸਾਰ ਅੰਨਗੜ੍ਹ ਵਿੱਚ ਇਸ ਇਮਾਰਤ ਵਿੱਚ ਇੱਕ ਪੇਂਟ ਫੈਕਟਰੀ ਚਲਾਈ ਜਾ ਰਹੀ ਸੀ। ਐਤਵਾਰ ਸਵੇਰੇ 10 ਵਜੇ ਇੱਥੇ ਅਚਾਨਕ ਅੱਗ ਲੱਗ ਗਈ। ਪਤਾ ਲੱਗਾ ਹੈ ਕਿ ਫੈਕਟਰੀ ਵਿੱਚ ਥਿਨਰ ਦੇ ਡਰੱਮ ਸਨ ਅਤੇ ਇਹ ਘਟਨਾ ਬਿਜਲੀ ਦੀਆਂ ਤਾਰਾਂ ਵਿੱਚ ਸ਼ਾਰਟ ਸਰਕਟ ਕਾਰਨ ਵਾਪਰੀ। ਮਜ਼ਦੂਰ ਫੈਕਟਰੀ ਦੇ ਅੰਦਰ ਕੰਮ ਕਰ ਰਹੇ ਸਨ। ਮੌਕੇ 'ਤੇ ਹੀ ਤਿੰਨ ਲੋਕ ਅੱਗ ਦੀ ਲਪੇਟ ਵਿੱਚ ਆ ਗਏ। ਦੋ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਇੱਕ ਬੁਰੀ ਤਰ੍ਹਾਂ ਸੜ ਗਿਆ। ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ

# ਟਰੰਪ ਨੇ ਅਮਰੀਕਾ ਨੂੰ ਸੁਰੱਖਿਅਤ ਅਤੇ ਮਜ਼ਬੂਤ ਰੱਖਣ ਵਾਲੇ ਨੈਸ਼ਨਲ ਗਾਰਡ ਦੀ ਕੀਤੀ ਪ੍ਰਸ਼ੰਸਾ



**ਵਾਸ਼ਿੰਗਟਨ ਡੀ.ਸੀ.** - ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲਾਸ ਏਂਜਲਸ ਵਿਚ ਨੈਸ਼ਨਲ ਗਾਰਡ ਦੀ ਦੋ ਦਿਨਾਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਵਿਚ ਉਨ੍ਹਾਂ ਦੀ ਭੂਮਿਕਾ ਲਈ ਪ੍ਰਸ਼ੰਸਾ ਕੀਤੀ। ਦੋ ਦਿਨਾਂ ਦੀ ਹਿੰਸਾ, ਝੜਪਾਂ ਅਤੇ ਅਸ਼ਾਂਤੀ ਤੋਂ ਬਾਅਦ ਲਾਸ ਏਂਜਲਸ ਵਿਚ ਨੈਸ਼ਨਲ ਗਾਰਡ ਦੁਆਰਾ ਸ਼ਾਨਦਾਰ ਕੰਮ ਕੀਤਾ ਗਿਆ ਹੈ । ਰਿਪੋਰਟ ਅਨੁਸਾਰ, ਟਰੰਪ ਨੇ ਇਮੀਗ੍ਰੇਸ਼ਨ ਲਾਗੂ ਕਰਨ ਵਾਲੇ ਛਾਪਿਆਂ ਤੋਂ ਬਾਅਦ ਵਧ ਰਹੇ ਵਿਰੋਧ ਪ੍ਰਦਰਸ਼ਨਾਂ ਦਾ ਜਵਾਬ ਦੇਣ ਲਈ ਲਾਸ ਏਂਜਲਸ ਵਿਚ 2,000 ਨੈਸ਼ਨਲ ਗਾਰਡਮੈਨ ਤਾਇਨਾਤ ਕਰਨ ਵਾਲੇ ਇਕ ਰਾਸ਼ਟਰਪਤੀ ਮੈਮੋਰੰਡਮ 'ਤੇ ਦਸਤਖ਼ ਤ ਕੀਤੇ।

# 8ਵੇਂ ਵਿਆਹ ਤੋਂ ਪਹਿਲਾਂ ਗ੍ਰਿਫ਼ਤਾਰ ਹੋਈ ਲੁਟੇਰੀ ਲਾੜੀ

**ਕੇਰਲ** : ਕੇਰਲ 'ਚ ਇਕ ਅਜਿਹੀ ਦੁਲਹਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸਦੇ ਪਹਿਲਾਂ ਹੀ ਸੱਤ ਪਤੀ ਹਨ। ਆਪਣੇ ਅੱਠਵੇਂ ਵਿਆਹ ਲਈ ਤਿਆਰ ਹੋ ਰਹੀ ਰੇਸ਼ਮਾ ਨੂੰ ਪਿਛਲੇ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੁਲਹਨ ਦਾ ਇਕ ਦੋ ਸਾਲ ਦਾ ਬੱਚਾ ਵੀ ਹੈ।

ਜਾਣਕਾਰੀ ਅਨੁਸਾਰ, ਇਸ ਔਰਤ ਦਾ ਨਾਂ ਰੇਸ਼ਮਾ ਚੰਦਰਸ਼ੇਖਰਨ ਹੈ ਜਿਸਦੀ ਉਮਰ 30 ਸਾਲ ਹੈ। ਉਸਦੇ ਹੋਣ ਵਾਲੇ ਲਾੜੇ ਨੂੰ ਉਸ 'ਤੇ ਸ਼ੱਕ ਹੋਇਆ ਅਤੇ ਉਸਨੇ ਪੁਲਿਸ ਦੇ ਸਾਹਮਣੇ ਆਪਣੀ ਪੂਰੀ ਗੱਲ ਰੱਖ ਦਿੱਤੀ। ਔਰਤ 'ਤੇ ਇਲਜ਼ਾਮ ਹੈ ਕਿ ਉਸਨੇ ਪਹਿਲਾਂ ਵੀ ਸੱਤ ਲੜਕਿਆਂ ਨੂੰ ਆਪਣੇ ਜਾਲ 'ਚ ਫਸਾ ਕੇ ਵਿਆਹ ਕੀਤਾ ਤੇ ਗਹਿਣੇ ਲੈ ਕੇ ਭੱਜ ਚੁੱਕੀ ਹੈ।

ਔਰਤ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਪੁਲਿਸ ਨੇ ਦੱਸਿਆ ਕਿ

### ਦੋਸਤ ਦੀ ਪਤਨੀ ਨੂੰ ਹੋਇਆ ਸ਼ੱਕ ਤਾਂ ਭੱਜਿਆ ਭਾਂਡਾ

ਮੁਲਜ਼ਮ ਨੂੰ ਜਲਦੀ ਹੀ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਇਸ ਦੌਰਾਨ, ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਲਾੜੇ ਨੇ ਦੱਸਿਆ ਕਿ ਪਿਛਲੇ ਮਹੀਨੇ ਇਕ ਮੈਰਿਟਲ ਵੈਬਸਾਈਟ ਜ਼ਰੀਏ ਉਹ ਰੇਸ਼ਮਾ ਨਾਲ ਪਹਿਲੀ ਵਾਰੀ ਜੁੜਿਆ ਸੀ। ਗੱਲਬਾਤ ਦੌਰਾਨ, ਰੇਸ਼ਮਾ ਨੇ ਦੱਸਿਆ ਕਿ ਉਹ ਅਨਾਥ ਹੈ ਅਤੇ ਉਸਦੇ ਬਹੁਤ ਘੱਟ ਰਿਸ਼ਤੇਦਾਰ ਹਨ।

ਇਹੀ ਕਾਰਨ ਦੱਸ ਕੇ ਔਰਤ ਨੇ ਕਿਹਾ ਕਿ ਉਸਦੇ ਵਿਆਹ 'ਚ ਕੋਈ ਵੀ ਰਿਸ਼ਤੇਦਾਰ ਸ਼ਾਮਲ ਨਹੀਂ ਹੋ ਸਕੇਗਾ। ਲਾੜੇ ਨੇ ਮੁਲਜ਼ਮ ਔਰਤ ਨੂੰ ਆਪਣੇ ਦੋਸਤਾਂ ਨਾਲ ਵੀ (ਬਾਕੀ 2 ਤੇ)

# ਸਾਰੀਆਂ ਅਕਾਲੀ ਧਿਰਾਂ ਆਪਸੀ ਹਉਮੈ ਦਾ ਤਿਆਗ ਕਰਕੇ ਕੌਮੀ ਹਿੱਤਾਂ ਲਈ ਹੋਣ ਇਕਜੁੱਟ

## ਇਹੀ ਢੀਂਡਸਾ ਨੂੰ ਹੋਵੇਗੀ ਸੱਚੀ ਸ਼ਰਧਾਂਜਲੀ- ਸੁਨੀਲ ਜਾਖੜ



**ਬਠਿੰਡਾ।** ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸੁਖਦੇਵ ਸਿੰਘ ਢੀਂਡਸਾ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਹੋਈ । ਇਸ ਮੌਕੇ ਸਿਆਸੀ ਆਗੂ ਸੁਖਬੀਰ ਸਿੰਘ ਬਾਦਲ, ਅਮਨ ਅਰੋੜਾ, ਕੁਲਤਾਰ ਸਿੰਘ ਸੰਧਵਾਂ, ਪ੍ਰਤਾਪ ਸਿੰਘ ਬਾਜਵਾ, ਸੁਨੀਲ ਜਾਖੜ ਅਤੇ ਹੋਰ ਸ਼ਖ਼ਸ਼ੀਅਤਾਂ ਵੀ ਉਨ੍ਹਾਂ ਦੀ ਅੰਤਿਮ ਅਰਦਾਸ 'ਚ ਸ਼ਾਮਲ ਹੋਣ ਪੁੱਜੀਆਂ।

ਇਸ ਮੌਕੇ ਸੁਨੀਲ ਜਾਖੜ ਨੇ ਕਿਹਾ ਕਿ ਇੱਕ ਮਜਬੂਤ ਪੰਥਕ ਪਾਰਟੀ ਨਾ ਕੇਵਲ ਪੰਥ, ਕੌਮ ਅਤੇ ਪੰਜਾਬ ਦੀ ਜਰੂਰਤ ਹੈ ਬਲਕਿ ਇਹ ਦੇਸ਼ ਦੀ ਵੀ ਜਰੂਰਤ ਹੈ। ਸਾਰੀਆਂ ਅਕਾਲੀ ਧਿਰਾਂ ਨੂੰ ਆਪਸੀ ਹਉਮੈ ਦਾ ਤਿਆਗ ਕਰਕੇ ਕੌਮੀ ਹਿੱਤਾਂ ਲਈ ਇਕਜੁੱਟ ਹੋ ਕੇ ਪੰਥ ਅਤੇ ਪੰਜਾਬ ਲਈ ਅੱਗੇ ਆਉਣਾ ਚਾਹੀਦਾ ਹੈ। ਇਹੀ ਸੁਖਦੇਵ ਸਿੰਘ ਢੀਡਸਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇੱਥੇ ਇਹ ਯਾਦ ਰੱਖਣਾ ਹੋਵੇਗਾ ਕਿ ਕਿਤੇ ਆਪਸੀ ਮੱਤਭੇਦਾਂ ਦੇ ਚਲਦੇ ਪੰਜਾਬ ਦੀ ਮਹਾਨ ਵਿਰਾਸਤ ਦਾ ਇੰਤਕਾਲ ਕੋਈ ਹੋਰ ਹੀ ਆਪਣੇ ਨਾਮ ਨਾ ਕਰਵਾ ਜਾਵੇ ਜਿਸ ਦਾ ਖਮਿਆਜਾ ਪੰਥ, ਕੌਮ ਅਤੇ ਪੰਜਾਬ ਨੂੰ ਭੁਗਤਣਾ ਪਵੇ। (ਬਾਕੀ 2 ਤੇ)

# ਭਾਰਤ ਦੇ ਵਿਕਾਸ ਲਈ ਮਹਿਲਾ ਸਸ਼ਕਤੀਕਰਨ ਬਹੁਤ ਮਹੱਤਵਪੂਰਨ ਹੈ: ਪ੍ਰਧਾਨ ਮੰਤਰੀ ਮੋਦੀ



**ਨਵੀਂ ਦਿੱਲੀ** - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਦੇ ਵਿਕਾਸ ਲਈ ਮਹਿਲਾ ਸਸ਼ਕਤੀਕਰਨ ਬਹੁਤ ਜ਼ਰੂਰੀ ਹੈ । ਸਮਾਜਿਕ ਦ੍ਰਿਸ਼ਟੀਕੋਣ ਵਿਚ ਤਬਦੀਲੀ ਨੂੰ ਉਜਾਗਰ ਕਰਦੇ ਹੋਏ ਜਿੱਥੇ ਔਰਤਾਂ ਹੁਣ ਰਵਾਇਤੀ ਭੂਮਿਕਾਵਾਂ ਤੱਕ ਸੀਮਤ ਨਹੀਂ ਹਨ। ਇਸ ਦੀ ਬਜਾਏ ਉਨ੍ਹਾਂ ਨੂੰ ਤਰੱਕੀ ਦੇ ਮੁੱਖ ਚਾਲਕਾਂ ਵਜੋਂ ਮਾਨਤਾ ਦਿੱਤੀ ਜਾਂਦੀ ਹੈ, ਜੋ ਦੇਸ਼ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਪਿਛਲੇ 11 ਸਾਲਾਂ ਵਿਚ ਔਰਤਾਂ ਨੂੰ ਸਸ਼ਕਤ ਬਣਾਉਣ ਵਿਚ ਆਪਣੀਆਂ ਪ੍ਰਾਪਤੀਆਂ ਨੂੰ ਉਜਾਗਰ (ਬਾਕੀ 2 ਤੇ)

# 67.84 ਕਰੋੜ ਰੁਪਏ ਦੀ ਰਾਹਤ ਮਹਿਜ਼ ਮੁਆਫੀ ਨਹੀਂ ਸਗੋਂ ਅਨੁਸੂਚਿਤ ਜਾਤੀ ਭਾਈਚਾਰੇ ਦੇ ਪਰਿਵਾਰਾਂ ਦੇ ਸੰਘਰਸ਼ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ - ਭਗਵੰਤ ਮਾਨ

## ਹੁਣ ਕਿਸੇ ਦਾ ਸੋਸ਼ਣ ਨਹੀਂ ਹੁੰਦਾ ਸਗੋਂ ਬਰਾਬਰੀ ਅਤੇ ਵੱਧ ਅਧਿਕਾਰ ਦਿੱਤੇ ਜਾ ਰਹੇ ਹਨ-ਮਾਨ ਸਰਕਾਰ ਨੇ ਡਾ. ਅੰਬੇਦਕਰ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਿਆ

**ਅੰਮ੍ਰਿਤਸਰ - (ਅਰਵਿੰਦਰ ਵੜੈਚ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ ਸੁਹਿਰਦਤਾ ਨਾਲ ਜੁਟੀ ਹੋਈ ਹੈ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਅੱਜ ਇੱਥੇ ਲਾਭਪਾਤਰੀਆਂ ਨੂੰ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਸੌਂਪਣ ਲਈ ਕਰਵਾਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਮ ਆਦਮੀ ਨੂੰ ਹੋਰ ਵਧੇਰੇ ਸਮਰੱਥ ਬਣਾਉਣ ਲਈ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਲਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਵੱਧ ਤੋਂ ਵੱਧ ਭਲਾਈ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਅਮੀਰ ਲੋਕਾਂ ਦੇ ਕਰਜ਼ੇ ਮੁਆਫ਼ ਕੀਤੇ ਜਾਂਦੇ ਸਨ ਜਦਕਿ ਗਰੀਬ ਲੋਕਾਂ ਦੀ ਭਲਾਈ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੂਬੇ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਇਹ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋਇਆ ਹੈ ਕਿਉਂਕਿ ਪਹਿਲੀ ਵਾਰ ਸੂਬੇ ਦਾ ਬਜਟ ਆਮ ਆਦਮੀ ਦੀ ਭਲਾਈ ਲਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਜਨਤਕ ਭਲਾਈ 'ਤੇ ਖਰਚ ਕਰ ਰਹੀ ਹੈ।



### ਕਰਜ਼ੇ 'ਤੇ ਲੀਕ ਫੇਰ ਕੇ ਮਾਣ-ਸਤਿਕਾਰ ਬਹਾਲ ਕੀਤਾ, 'ਆਪ' ਸਰਕਾਰ ਨੇ ਐਸ.ਸੀ. ਭਾਈਚਾਰੇ ਦਾ ਜੀਵਨ ਪੱਧਰ ਸੰਵਾਰਨ ਲਈ ਨਵਾਂ ਅਧਿਆਏ ਲਿਖਿਆ

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ ਕਿਉਂਕਿ ਇਸ ਨਾਲ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ ਨਵੇਂ ਰਾਹ ਖੁੱਲ੍ਹਦੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਹਰੇਕ ਵਿਅਕਤੀ ਦੀ ਸਫਲਤਾ ਲਈ ਕੁੰਜੀ ਹੈ ਅਤੇ ਸੂਬੇ ਦੇ ਹਰੇਕ ਨੌਜਵਾਨ ਲਈ ਮਿਆਰੀ ਸਿੱਖਿਆ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਸੂਬੇ ਵਿੱਚ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਜਨਤਕ ਭਲਾਈ ਵਾਲੇ ਅਤੇ ਖੁਸ਼ੀ ਦੇ ਅਜਿਹੇ ਕਾਰਜ ਬਹੁਤ ਘੱਟ ਹੁੰਦੇ ਸਨ। ਉਨ੍ਹਾਂ ਕਿਹਾ ਕਿ ਹੁਣ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ ਜਦੋਂ ਸਰਕਾਰ ਵੱਲੋਂ ਆਏ ਦਿਨ ਨਵੇਂ ਪ੍ਰੋਜੈਕਟ ਜਨਤਾ ਨੂੰ ਸਮਰਪਿਤ ਕੀਤੇ ਜਾ ਰਹੇ ਹਨ ਅਤੇ ਨੌਜਵਾਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ 'ਰੰਗਲਾ ਪੰਜਾਬ' ਦੀ ਝਲਕ ਹੈ ਅਤੇ ਸੂਬਾ ਸਰਕਾਰ ਹੁਣ ਖੁਸ਼ੀ ਦੇ ਅਜਿਹੇ ਸਮਾਗਮਾਂ ਰਾਹੀਂ ਲੋਕਾਂ ਦੀ ਸਹੂਲਤ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ 67.84 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਨਾਲ ਤਕਰੀਬਨ 4800 ਪਰਿਵਾਰਾਂ ਨੂੰ ਲਾਭ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐਸ.ਸੀ.ਐਫ.ਸੀ.) ਵੱਲੋਂ 31 ਮਾਰਚ, 2020 ਤੱਕ ਵੰਡੇ ਗਏ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਫ਼ੀ ਪੀ.ਐਸ.ਸੀ.ਐਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ ਜਿਸ ਨਾਲ ਐਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੀ ਹੈ। ਇਸ ਕਦਮ ਨਾਲ ਕੁੱਲ 4,727 ਕਰਜ਼ਦਾਰਾਂ ਨੂੰ 67.84 ਕਰੋੜ ਰੁਪਏ ਦੀ ਕੁੱਲ ਰਕਮ ਦਾ ਲਾਭ ਹੋਵੇਗਾ। ਭਗਵੰਤ ਸਿੰਘ ਮਾਨ (ਬਾਕੀ 2 ਤੇ)

# 'ਆਪ' ਦਾ ਮੁੱਖ ਉਦੇਸ਼ ਕੇਜਰੀਵਾਲ ਨੂੰ ਰਾਜ ਸਭਾ 'ਚ ਭੇਜਣਾ



**ਲੁਧਿਆਣਾ** - ਆਮ ਆਦਮੀ ਪਾਰਟੀ ਦਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ 'ਚ ਮੁੱਖ ਉਦੇਸ਼ ਸਿਰਫ ਅਰਵਿੰਦ ਕੇਜਰੀਵਾਲ ਨੂੰ ਰਾਜ ਸਭਾ ਤੱਕ ਪਹੁੰਚਾਉਣਾ ਹੈ, ਜਦਕਿ ਕਾਂਗਰਸ ਅਤੇ ਸ਼ ?ਰੋਮਣੀ ਅਕਾਲੀ ਦਲ ਆਪਸੀ ਫੁੱਟ ਦਾ ਸ਼ਿਕਾਰ ਹੋ ਕੇ ਇਕ ਦੂਸਰੇ ਨਾਲ ਉਲਝੇ ਹੋਏ ਹਨ। ਇਸ ਲਈ ਜ਼ਿਮਨੀ ਚੋਣ 'ਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਜੀਵਨ ਗੁਪਤਾ ਦੀ ਸਥਿਤੀ ਕਾਫੀ ਮਜ਼ਬੂਤ ਹੈ ਅਤੇ ਚੋਣ ਨਤੀਜੇ ਭਾਜਪਾ ਦੇ ਹੱਕ 'ਚ ਆਉਣਗੇ। ਇਹ ਦਾਅਵਾ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਬਾਅਦ ਦੁਪਹਿਰ ਭਾਜਪਾ ਉਮੀਦਵਾਰ ਜੀਵਨ ਗੁਪਤਾ ਦੇ ਹੱਕ 'ਚ ਚੋਣ ਪ੍ਰਚਾਰ ਦੌਰਾਨ ਪੱਤਰਕਾਰਾਂ ਨਾਲ (ਬਾਕੀ 2 ਤੇ)

# ਵਰਦੀਧਾਰੀ ਏਐੱਸਆਈ ਦੀ ਗੁੰਡਾਗਰਦੀ, ਰਿਸ਼ਤੇਦਾਰਾਂ ਨੂੰ ਡੰਡਿਆਂ ਨਾਲ ਕੁੱਟਿਆ



**ਮੋਗਾ :** ਮੋਗਾ ਜ਼ਿਲ੍ਹੇ ਦੇ ਥਾਣਾ ਬੱਧਨੀ ਕਲਾਂ ਦੇ ਅਧੀਨ ਪੈਂਦੇ ਪਿੰਡ ਦੌਧਰ ਸ਼ਰਕੀ 'ਚ ਇਕ ਵਰਦੀਧਾਰੀ ਏਐੱਸਆਈ ਵੱਲੋਂ ਗੁੰਡਾਗਰਦੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਇੱਕ ਜ਼ਮੀਨੀ ਵਿਵਾਦ ਦੇ ਚਲਦੇ ਏਐੱਸਆਈ ਨੇ ਆਪਣੀ ਵਰਦੀ ਦੀ ਤਾਕਤ ਵਿਖਾਂਉਂਦੇ ਹੋਏ ਆਪਣੇ ਹੀ ਰਿਸ਼ਤੇਦਾਰ ਅਜੈਬ ਸਿੰਘ ਅਤੇ ਉਸ ਦੇ ਭਤੀਜੇ ਮੋਹਨ ਸਿੰਘ ਨੂੰ ਸੜਕ 'ਤੇ ਹੀ ਡੰਡਿਆਂ ਨਾਲ ਸ਼ਰੇਆਮ ਕੁੱਟਿਆ। ਇਸ ਹਮਲੇ 'ਚ ਦੋਵਾਂ ਜਾਨਿਆ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਜਿਨ੍ਹਾਂ ਦਾ ਇਲਾਜ ਮੋਗਾ ਦੇ ਸਿਵਲ ਹਸਪਤਾਲ 'ਚ ਚਲ ਰਿਹਾ ਹੈ। ਇਹ ਪੂਰੀ ਘਟਨਾ ਇਕ ਰਾਹਗੀਰ ਨੇ ਆਪਣੇ ਮੋਬਾਈਲ ਕੈਮਰੇ 'ਚ ਕੈਦ ਕਰ ਲਈ, ਜੋ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵੀਡੀਓ 'ਚ ਸਾਫ਼ ਦਿੱਖ ਰਿਹਾ ਹੈ ਕਿ ਵਰਦੀਧਾਰੀ ਇਕ ਪੁਲਿਸ ਮੁਲਾਜ਼ਮ ਕਿਵੇਂ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਸੜਕ 'ਤੇ ਹੀ ਕੁੱਟਮਾਰ ਕਰ ਰਿਹਾ ਹੈ। ਪੀੜਤ ਪਰਿਵਾਰ ਨੇ ਸਾਰੀ ਘਟਨਾ ਬਾਰੇ ਥਾਣਾ ਬੱਧਨੀ ਕਲਾਂ 'ਚ ਸ਼ਿਕਾਇਤ ਦਰਜ ਕਰਵਾਈ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਜਾਣਕਾਰੀ ਅਨੁਸਾਰ ਪਿੰਡ ਦੌਧਰ ਸ਼ਰਕੀ ਦੇ ਵਸਨੀਕ ਅਜੈਬ ਸਿੰਘ ਅਤੇ ਉਨ੍ਹਾਂ ਦੇ ਭਤੀਜੇ ਰਣਜੀਤ ਸਿੰਘ ਵਿਚਕਾਰ ਕਾਫੀ ਸਮੇਂ ਤੋਂ ਜ਼ਮੀਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਦੋਵੇਂ ਜਾਣੇ ਇਹ ਮਾਮਲਾ ਲੈ ਕੇ ਸਰਪੰਚ ਕੋਲ ਗਏ ਹੋਏ ਸਨ ਅਤੇ ਜਦੋਂ ਉਹ ਸਰਪੰਚ ਦੇ ਘਰੋਂ ਵਾਪਸ ਆ ਰਹੇ ਸਨ ਤਾਂ ਰਾਹ ਵਿੱਚ ਏਐੱਸਆਈ ਰਣਜੀਤ ਸਿੰਘ ਨਾਲ ਕੋਈ ਤਕਰਾਰ ਹੋ ਗਈ। ਜਿਸ ਤੋਂ ਬਾਅਦ ਏਐੱਸਆਈ ਨੇ ਗੁੱਸੇ ਵਿਚ ਆ ਕੇ ਆਪਣੀ ਵਰਦੀ ਦੀ ਧੌਂਸ ਦਿਖਾਈ ਅਤੇ ਦੋਹਾਂ ਨੂੰ ਡੰਡਿਆਂ ਨਾਲ ਕੁਟਣਾ ਸ਼ੁਰੂ ਕਰ ਦਿੱਤਾ। ਜਦ ਇਸ ਮਸਲੇ ਸਬੰਧੀ ਪੁਲਿਸ ਚੌਕੀ ਲੋਪੋਂ ਦੇ ਇੰਚਾਰਜ ਜਸਵੰਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਮਾਮਲਾ ਪਹੁੰਚ ਚੁੱਕਾ ਹੈ ਅਤੇ ਜਾਂਚ ਚਲ ਰਹੀ ਹੈ। ਬਿਆਨਾ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

## ਜੱਜ ਦੇ ਬੰਗਲੇ 'ਚ ਜਨਮਦਿਨ ਮਨਾਉਣਾ ਮਹਿੰਗਾ ਪਿਆ

# 5 ਪੁਲਿਸ ਕਰਮਚਾਰੀ ਮੁਅੱਤਲ

**ਬਾਲਾਸੋਰ।** ਬਾਲਾਸੋਰ ਦੇ ਐਸਪੀ ਰਾਜ ਪ੍ਰਸਾਦ ਨੇ ਬਾਲਾਸੋਰ ਦੇ ਜ਼ਿਲ੍ਹਾ ਮੈਜਿਸਟ ?ਰੇਟ ਮਯੂਰ ਸੂਰਿਆਵੰਸ਼ੀ ਦੇ ਬੰਗਲੇ 'ਤੇ ਤਾਇਨਾਤ ਇੱਕ ਹਵਲਦਾਰ ਸਮੇਤ ਪੰਜ ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਮੁਅੱਤਲੀ ਜ਼ਿਲ੍ਹਾ ਮੈਜਿਸਟਰੇਟ ਦੀ ਸ਼ਿਕਾਇਤ ਤੋਂ ਬਾਅਦ ਐਸਪੀ ਦੁਆਰਾ ਕੀਤੀ ਗਈ ਹੈ।

ਪ੍ਰਾਪਤ ਖ਼ਬਰਾਂ ਅਨੁਸਾਰ, ਜ਼ਿਲ੍ਹਾ ਮੈਜਿਸਟ ?ਰੇਟ ਦੇ ਸਰਕਾਰੀ ਬੰਗਲੇ 'ਤੇ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਹਵਲਦਾਰ ਹੇਮੰਤ ਬਾਰਿਕ, ਕਾਂਸਟੇਬਲ ਸਿੱਧੇਸ਼ਵਰ ਗੋਚਾਯਤ, ਦੇਵ ਮਾਝੀ, ਸੁਧਾਂਸ਼ੂ ਜੇਨਾ ਅਤੇ ਰਾਮਚੰਦਰ ਤਾਪਸੀ ਜ਼ਿਲ੍ਹਾ ਮੈਜਿਸਟ ?ਰੇਟ ਦੇ ਰਿਹਾਇਸ਼ੀ ਦਫ਼ਤਰ ਵਿੱਚ ਡਿਊਟੀ 'ਤੇ ਸਨ।

ਜਨਮਦਿਨ 'ਤੇ ਪਾਰਟੀ ਕਰ ਰਹੇ ਸਨ ਪੁਲਿਸ ਕਰਮਚਾਰੀ

ਦੱਸਿਆ ਜਾ ਰਿਹਾ ਹੈ ਕਿ 10-12 ਦਿਨ ਪਹਿਲਾਂ ਇਨ੍ਹਾਂ ਲੋਕਾਂ ਨੇ ਆਪਣੀ ਡਿਊਟੀ ਦੌਰਾਨ ਆਪਣਾ ਜਨਮਦਿਨ ਮਨਾਇਆ ਅਤੇ ਖਾਣੇ ਦਾ ਪ੍ਰਬੰਧ ਕੀਤਾ। ਜ਼ਿਲ੍ਹਾ ਮੈਜਿਸਟ ?ਰੇਟ ਦੇ ਰਿਹਾਇਸ਼ੀ ਦਫ਼ਤਰ ਵਿੱਚ ਆਉਣ ਵਾਲੇ ਲੋਕਾਂ ਨੇ ਇਨ੍ਹਾਂ ਲੋਕਾਂ ਨੂੰ ਦੇਖਿਆ, ਉਨ੍ਹਾਂ ਨੇ ਜ਼ਿਲ੍ਹਾ ਮੈਜਿਸਟਰੇਟ ਨੂੰ ਇਸ ਬਾਰੇ ਸੂਚਿਤ ਕੀਤਾ।

ਜ਼ਿਲ੍ਹਾ ਮੈਜਿਸਟਰੇਟ ਨੇ ਇਸ ਬਾਰੇ ਬਾਲਾਸੋਰ ਦੇ ਐਸਪੀ ਨੂੰ ਸ਼ਿਕਾਇਤ ਕੀਤੀ ਸੀ। ਐਸਪੀ ਨੇ ਤੁਰੰਤ ਕਾਰਵਾਈ ਕਰਦਿਆਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ। ਇਨ੍ਹਾਂ ਲੋਕਾਂ 'ਤੇ ਆਪਣੀ ਡਿਊਟੀ ਦੌਰਾਨ ਸੁਚੇਤ ਨਾ ਰਹਿਣ ਦਾ ਦੋਸ਼ ਹੈ। ਐਸਪੀ ਨੇ ਉਕਤ ਘਟਨਾ ਦੀ ਜਾਂਚ ਐਡੀਸ਼ਨਲ ਐਸਪੀ ਨੂੰ ਸੌਂਪ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਸ ਜਨਮਦਿਨ ਸਮਾਗਮ ਵਿੱਚ ਉਨ੍ਹਾਂ ਨਾਲ ਹੋਰ ਕਿੰਨੇ ਪੁਲਿਸ ਮੁਲਾਜ਼ਮ ਸ਼ਾਮਲ ਸਨ, ਜੇਕਰ ਉਨ੍ਹਾਂ ਦੇ ਨਾਮ ਵੀ ਸਾਹਮਣੇ ਆਉਂਦੇ ਹਨ ਤਾਂ ਉਨ੍ਹਾਂ ਖ਼ਲਾਫ਼ ਵੀ ਤੁਰੰਤ ਕਾਰਵਾਈ ਕੀਤੀ ਜਾਵੇਗੀ।

# ਗੋਰਾ ਬਰਿਆਰ ਕਤਲ ਮਾਮਲੇ ਵਿੱਚ ਸ਼ਾਮਲ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਸਾਥੀ ਬਟਾਲਾ ਤੋਂ ਗ੍ਰਿਫ਼ਤਾਰ

**ਚੰਡੀਗੜ੍ਹ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐਫ.) ਪੰਜਾਬ ਨੇ ਬਟਾਲਾ ਦੇ ਘੁਮਾਣ ਵਿੱਚ ਹੋਈ ਸਨਸਨੀਖੇਜ਼ ਗੋਲੀਬਾਰੀ ਦੀ ਵਾਰਦਾਤ ਦੇ ਸਬੰਧ ਵਿੱਚ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਕਰੀਬੀ ਸਾਥੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਇੱਥੇ ਐਤਵਾਰ ਨੂੰ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਨੈਲਸਨ ਮਸੀਹ ਉਰਫ਼ ਸੰਨੀ ਵਜੋਂ ਹੋਈ ਹੈ, ਜੋ ਗੁਰਦਾਸਪੁਰ ਦੇ ਪਿੰਡ ਅਠਵਾਲ ਦਾ ਰਹਿਣ ਵਾਲਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦਾ ਲੰਮਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਕਤਲ, ਇਰਾਦਾ ਕਤਲ, ਡਕੈਤੀ, ਲੁੱਟ-ਖੋਹ ਅਤੇ ਅਸਲਾ ਐਕਟ ਦੀ ਉਲੰਘਣਾ ਸਮੇਤ ਲਗਭਗ ਸੱਤ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ।

ਜਾਣਕਾਰੀ ਅਨੁਸਾਰ, 26 ਮਈ, 2025 ਦੀ ਸ਼ਾਮ ਨੂੰ ਬਟਾਲਾ ਦੇ ਪਿੰਡ ਘੁਮਾਣ ਵਿਖੇ, ਘੁਮਾਣ ਤੋਂ ਸ਼ ?ਰੀ ਹਰਗੋਬਿੰਦਪੁਰ ਸੜਕ 'ਤੇ ਸਥਿਤ ਪੈਟਰੋਲ ਪੰਪ ਦੇ ਬਾਹਰ ਇੱਕ ਸਨਸਨੀਖੇਜ਼ ਗੋਲੀਕਾਂਡ ਹੋਇਆ ਸੀ, ਜਿਸ ਦੌਰਾਨ ਗੁਰਪ੍ਰੀਤ ਸਿੰਘ ਗੋਰਾ ਉਰਫ਼ ਗੋਰਾ ਬਰਿਆਰ ਦੀ ਮੌਤ ਹੋ ਗਈ ਸੀ ਅਤੇ ਬਿੱਲਾ ਮੰਡਿਆਲਾ ਜ਼ਖਮੀ ਹੋ ਗਿਆ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਮਸੀਹ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਲਗਾਤਾਰ ਸੰਪਰਕ ਵਿੱਚ ਸੀ। ਉਨ੍ਹਾਂ ਦੱਸਿਆ ਕਿ ਭਗਵਾਨਪੁਰੀਆ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ, ਮੁਲਜ਼ਮ ਮਸੀਹ ਨੇ ਗੋਰਾ ਬਰਿਆਰ ਦੇ ਕਤਲ ਦੀ ਸਾਜ਼ਿਸ਼ ਰਚੀ ਸੀ ਅਤੇ ਆਪਣੇ ਤਿੰਨ ਸਾਥੀਆਂ ਨਾਲ ਮਿਲ ਕੇ ਇਸ ਹਮਲੇ ਨੂੰ ਅੰਜਾਮ ਦਿੱਤਾ ਸੀ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਬਾਕੀ ਮੁਲਜ਼ਮਾਂ ਦੀ ਭਾਲ ਅਤੇ ਗ੍ਰਿਫਤਾਰੀ ਲਈ ਹੋਰ ਜਾਂਚ ਜਾਰੀ ਹੈ। ਗ੍ਰਿਫ਼ਤਾਰ ਵਿਅਕਤੀ ਨੂੰ ਅਗਲੀ ਕਾਰਵਾਈ ਲਈ ਬਟਾਲਾ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਗੋਰਾ ਬਰਿਆਰ ਕਤਲ ਕੇਸ ਵਿੱਚ ਸ਼ਾਮਲ ਮੁੱਖ ਮੁਲਜ਼ਮ ਦੀ ਬਟਾਲਾ ਦੇ ਅਧਿਕਾਰ ਖੇਤਰ ਵਿੱਚ ਮੌਜੂਦਗੀ ਦੀ ਗੁਪਤ ਇਤਲਾਹ ਮਿਲੀ ਸੀ, ਜਿਸ ਤੋਂ ਬਾਅਦ ਏਜੀਟੀਐਫ ਦੀਆਂ ਟੀਮਾਂ ਨੇ ਡੀਐਸਪੀ ਰਾਜਨ ਪਰਮਿੰਦਰ ਦੀ ਨਿਗਰਾਨੀ ਹੇਠ ਬਟਾਲਾ ਪੁਲਿਸ ਦੀ ਟੀਮਾਂ ਨਾਲ ਮਿਲ ਕੇ ਖੁਫੀਆ ਕਾਰਵਾਈ ਨੂੰ ਅੰਜਾਮ ਦਿੱਤਾ ਅਤੇ ਦੋਸ਼ੀ ਵਿਅਕਤੀ ਨੈਲਸਨ ਮਸੀਹ ਨੂੰ ਪਿੰਡ ਸ਼ਾਹਬਾਦ ਨੇੜੇ ਕਾਦੀਆਂ-ਬਟਾਲਾ ਸੜਕ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਏਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਸ ਸਬੰਧੀ ਬਟਾਲਾ ਦੇ ਪੁਲਿਸ ਸਟੇਸ਼ਨ ਘੁਮਾਣ ਵਿਖੇ ਬੀਐਨਐਸ ਦੀ ਧਾਰਾ 103, 109, 111 ਅਤੇ 61(2) ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ 26.5.25 ਨੂੰ ਐਫਆਈਆਰ 89 ਅਧੀਨ ਕੇਸ ਦਰਜ ਕੀਤਾ ਗਿਆ ਸੀ।



ਕੋਲਕਾਤਾ ਦੇ ਬੋਬਾਜ਼ਾਰ ਖੇਤਰ ਵਿੱਚ ਇੱਕ ਸਦੀ ਤੋਂ ਵੱਧ ਪੁਰਾਣੀ ਇਮਾਰਤ ਦੇ ਇੱਕ ਹਿੱਸੇ ਦੇ ਢਹਿ ਜਾਣ ਤੋਂ ਬਾਅਦ ਸਿਵਲ ਡਿਫੈਂਸ ਕਰਮਚਾਰੀ ਅਤੇ ਹੋਰ ਲੋਕ ਮੌਕੇ ਦਾ ਮੁਆਇਨਾ ਕਰਦੇ ਹੋਏ। ਅਧਿਕਾਰੀਆਂ ਦੇ ਅਨੁਸਾਰ, ਘੱਟੋ-ਘੱਟ ਇੱਕ ਵਿਅਕਤੀ, ਜੋ ਉੱਥੇ ਮੁਰੰਮਤ ਦੇ ਕੰਮ ਵਿੱਚ ਰੁੱਝਿਆ ਹੋਇਆ ਸੀ, ਇਸ ਘਟਨਾ ਵਿੱਚ ਜ਼ਖਮੀ ਹੋ ਗਿਆ।

# 'ਯੁੱਧ ਨਸ਼ਿਆਂ ਵਿਰੁਧ' ਦਾ 99ਵਾਂ ਦਿਨ: 144 ਨਸ਼ਾ ਤਸਕਰ 6.7 ਕਿਲੋ ਹੈਰੋਇਨ ਸਮੇਤ ਕਾਬੂ

**'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 89 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਲਈ ਪੇਰਰਿਆ**

**ਚੰਡੀਗੜ੍ਹ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ "ਯੁੱਧ ਨਸ਼ਿਆਂ ਵਿਰੁਧ"ਦੇ 99ਵੇਂ ਦਿਨ ਪੰਜਾਬ ਪੁਲਿਸ ਨੇ ਐਤਵਾਰ ਨੂੰ 144 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.7 ਕਿਲੋਗ੍ਰਾਮ ਹੈਰੋਇਨ ਅਤੇ 440 ਕਿਲੋਗ੍ਰਾਮ ਭੁੱਕੀ ਬਰਾਮਦ ਕੀਤੀ। ਇਸ ਦੇ ਨਾਲ, ਸਿਰਫ਼ 99 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 16,492 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲਿ ?ਹਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ , ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 88 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 479 ਥਾਵਾਂ 'ਤੇ ਛਾਪੇਮਾਰੀ ਕੀਤੀ , ਜਿਸ ਦੌਰਾਨ ਰਾਜ ਭਰ ਵਿੱਚ 107 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 541 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 89 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਬਾਬਾ ਸਾਹਿਬ ਦੇ ਬੁੱਤ ਦੇ ਮਾਮਲੇ ਵਿਚ ਜਸਵੀਰ ਸਿੰਘ ਗੜ੍ਹੀ ਕਰਨਗੇ 10 ਜੂਨ ਨੂੰ ਫਿਲੋਰ ਦਾ ਦੌਰਾ

## ਬਾਬਾ ਸਾਹਿਬ ਦੇ ਬੁੱਤ ਦੀ ਬੇਹੁਰਮਤੀ ਦੇ ਮਾਮਲੇ ਵਿਚ ਵਿਚ ਕਮਿਸ਼ਨ ਵਲੋਂ ਡੀ.ਜੀ.ਪੀ. ਪੰਜਾਬ ਤੋਂ ਰਿਪੋਰਟ ਤਲਬ



**ਚੰਡੀਗੜ੍ਹ** - ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ.ਜਸਵੀਰ ਸਿੰਘ ਗੜ੍ਹੀ ਵਲੋਂ 10 ਜੂਨ 2025 ਦਿਨ ਮੰਗਲਵਾਰ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਬੇਹੁਰਮਤੀ ਦੇ ਮਾਮਲੇ ਦੀ ਜਾਂਚ ਕਰਨ ਲਈ ਨੰਗਲ ਗੇਟ ਫਿਲੋਰ ਦਾ ਦੌਰਾ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਫਿਲੋਰ ਦੇ ਨੰਗਲ ਗੇਟ ਵਿਖੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੀ ਦੂਸਰੇ ਵਾਰ ਹੋਈ ਬੇਹੁਰਮਤੀ ਦੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਜਿਸ ਲਈ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਘਟਨਾ ਸਥਾਨ ਦਾ ਦੌਰਾ ਕਰਕੇ ਬੁੱਤ ਦੀ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾਵੇਗਾ।

ਬੁਲਾਰੇ ਨੇ ਦੱਸਿਆ ਕਿ ਫਿਲੋਰ ਦੇ ਨੰਗਲ ਗੇਟ ਵਿਖੇ ਸਥਿਤ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੂਸਰੀ ਵਾਰ ਹੋਈ ਬੇਹੁਰਮਤੀ ਦੇ ਮਾਮਲੇ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਲੋਂ ਪੰਜਾਬ ਦੇ ਡਾਇਰੈਕਟ ਜਨਰਲ ਆਫ਼ ਪੁਲਿਸ ਤੋਂ ਵੀ 13 ਜੂਨ 2025 ਨੂੰ ਰਿਪੋਰਟ ਤਲਬ ਕੀਤੀ ਗਈ ਹੈ।

## ਪੇਜ਼ ਇੱਕ ਦਾ ਬਾਕੀ

ਭਾਰਤ ਦੇ ..

ਕਰਨ ਵਾਲੀ ਇਕ ਕਿਤਾਬ ਜਾਰੀ ਕੀਤੀ । ਜਿਵੇਂ ਕਿ ਐਨ.ਡੀ.ਏ. ਸਰਕਾਰ ਵਿਚ ਆਪਣੇ 11 ਸਾਲ ਪੂਰੇ ਕਰ ਰਹੀ ਹੈ, ਇਹ ਕਿਤਾਬ ਬੇਟੀ ਬਚਾਓ ਬੇਟੀ ਪੜ੍ਹਾਓ ਅਤੇ ਸੁਕੰਨਿਆ ਸਮ੍ਰਿਧੀ ਯੋਜਨਾ ਵਰਗੀਆਂ ਵੱਖ-ਵੱਖ ਮੁੱਖ ਯੋਜਨਾਵਾਂ ਨੂੰ ਉਜਾਗਰ ਕਰਦੀ ਹੈ।

67.84 ਕਰੋੜ ...

ਨੇ ਕਿਹਾ ਕਿ ਕੁੱਲ 4,727 ਕਰਜ਼ਦਾਰ ਸਨ ਜਿਨ੍ਹਾਂ ਵਿੱਚ 4,685 ਡਿਫਾਲਟ ਕਰਜ਼ਦਾਰ ਅਤੇ 42 ਰੈਗੂਲਰ ਕਰਜ਼ਦਾਰ ਹਨ, ਇਸ ਕਰਜ਼ਾ ਮੁਆਫ਼ੀ ਯੋਜਨਾ ਹੇਠ ਆਉਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ (ਨੋ ਡਿਊ ਸਰਟੀਫਿਕੇਟ) ਜਾਰੀ ਕੀਤੇ ਜਾਣਗੇ। ਬੁਲਾਰੇ ਨੇ ਅੱਗੇ ਦੱਸਿਆ ਕਿ 30 ਅਪ੍ਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ 67.84 ਕਰੋੜ ਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐਸ.ਸੀ.ਐਫ.ਸੀ. ਨੂੰ ਵਾਪਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਹੱਤਵਪੂਰਨ ਗੱਲ ਇਹ ਹੈ ਕਿ ਜਿਨ੍ਹਾਂ ਕਰਜ਼ਦਾਰਾਂ ਨੇ ਪਹਿਲਾਂ ਵੀ ਕਰਜ਼ਾ ਮੁਆਫੀ ਸਕੀਮਾਂ ਲਾਭ ਪ੍ਰਾਪਤ ਕੀਤਾ ਹੈ, ਉਹ ਵੀ ਇਸ ਮੁਆਫੀ ਸਕੀਮ ਦਾ ਲਾਭ ਲੈਣ ਲਈ ਯੋਗ ਮੰਨੇ ਜਾਣਗੇ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫੀ ਤੋਂ ਬਾਅਦ ਪੀ.ਐਸ.ਸੀ.ਐਫ.ਸੀ. ਦੇ ਨਿਯਮਾਂ ਤਹਿਤ ਕਰਜ਼ਾ ਲੈਣ ਵਾਲਿਆਂ ਵਿਰੁੱਧ ਰਿਕਵਰੀ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੱਟ-ਆਫ ਮਿਤੀ ਤੱਕ ਉਨ੍ਹਾਂ ਦੇ ਖਾਤਿਆਂ ਨੂੰ ਪੂਰੀ ਤਰ੍ਹਾਂ ਸੈਟਲ ਮੰਨਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2011 ਦੀ ਜਨਗਣਨਾ ਅਨੁਸਾਰ ਅਨੁਸੂਚਿਤ ਜਾਤੀ ਭਾਈਚਾਰੇ ਦੀ ਵਸੋਂ ਪੰਜਾਬ ਦੀ ਕੁੱਲ ਵਸੋਂ ਦੀ 31.94 ਫੀਸਦੀ ਹੈ। ਇਸ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਆਪਣੀ ਆਰਥਿਕ ਤਰੱਕੀ ਦੇ ਉਦੇਸ਼ ਨਾਲ ਸਵੈ-ਰੁਜ਼ਗਾਰ ਦਾ ਉੱਦਮ ਸਥਾਪਤ ਕਰਨ ਲਈ ਪੀ.ਐਸ.ਸੀ.ਐਫ.ਸੀ. ਤੋਂ ਕਰਜ਼ਾ ਲਿਆ ਸੀ। ਹਾਲਾਂਕਿ, ਉਨ੍ਹਾਂ ਕਿਹਾ ਕਿ ਕੁਝ ਕਰਜ਼ਦਾਰ ਵੱਸੋਂ ਬਾਹਰੀ ਹਾਲਾਤਾਂ ਕਾਰਨ ਕਰਜ਼ਾ ਵਾਪਸ ਕਰਨ ਵਿੱਚ ਅਸਮਰੱਥ ਰਹੇ ਹਨ, ਜਿਸ ਕਰਕੇ ਉਹ ਡਿਫਾਲਟ ਹੋ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮੁਆਫੀ ਸਕੀਮ ਦੇ ਲਾਗੂ ਹੋਣ ਨਾਲ ਅਨੁਸੂਚਿਤ ਜਾਤੀ ਭਾਈਚਾਰੇ ਦੇ ਆਰਥਿਕ ਤੌਰ ਉਤੇ ਕਮਜ਼ੋਰ ਵਰਗਾਂ ਅਤੇ ਦਿਵਿਆਂਗ ਵਰਗ ਦੇ 4,727 ਲਾਭਪਾਤਰੀਆਂ ਨੂੰ 67.84 ਕਰੋੜ ਦੀ ਰਾਹਤ ਮਿਲੇਗੀ ਜਿਸ ਵਿੱਚ 30.02 ਕਰੋੜ ਰੁਪਏ ਮੂਲ ਰਕਮ, 22.95 ਕਰੋੜ ਰੁਪਏ ਵਿਆਜ ਅਤੇ 14.87 ਕਰੋੜ ਰੁਪਏ ਦਾ ਦੰਡ ਵਿਆਜ ਸ਼ਾਮਲ ਹੈ (ਜੋ 30 ਅਪ੍ਰੈਲ, 2025 ਤੱਕ ਗਿਣਿਆ ਗਿਆ ਹੈ)।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਉਨ੍ਹਾਂ ਦੇ ਮਾਣ-ਸਨਮਾਨ ਨੂੰ ਬਹਾਲ ਕਰਨ ਅਤੇ ਸਮਾਜ ਵਿੱਚ ਸਨਮਾਨਜਨਕ ਜੀਵਨ ਜੀਉਣ ਦੇ ਯੋਗ ਬਣਾਉਣ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਇਸ ਮੁਆਫੀ ਸਕੀਮ ਤਹਿਤ ਲਾਭਪਾਤਰੀ ਆਪਣੇ ਪਰਿਵਾਰਾਂ ਦੀ ਸਹਾਇਤਾ ਲਈ ਨਵੇਂ ਉੱਦਮ ਵਾਸਤੇ ਮੁਕਤ ਵਿੱਤੀ ਸਰੋਤਾਂ ਦੀ ਵਰਤੋਂ ਕਰ ਸਕਣਗੇ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫੀ ਨਾਲ ਪੀ.ਐਸ.ਸੀ.ਐਫ.ਸੀ. ਨੂੰ ਭਵਿੱਖ ਵਿੱਚ ਅਨੁਸੂਚਿਤ ਜਾਤੀਆਂ ਦੇ ਹੋਰ ਯੋਗ ਵਿਅਕਤੀਆਂ ਨੂੰ ਨਵੇਂ ਕਰਜ਼ੇ ਦੇਣ ਦੇ ਵੀ ਸਮਰੱਥ ਬਣਾਏਗਾ। ਉਨ੍ਹਾਂ ਕਿਹਾ ਕਿ ਇਹ ਸਕੀਮ ਸਿਰਫ਼ ਕਰਜ਼ਾ ਮੁਆਫ਼ੀ ਤੱਕ ਮਹਿਦੂਦ ਨਹੀਂ ਹੈ ਸਗੋਂ ਭਾਈਚਾਰੇ ਦਾ ਮਾਣ-ਸਨਮਾਨ ਬਹਾਲ ਕਰਨ, ਇਨਸਾਫ ਦੇਣ ਅਤੇ ਨਵੀਂ ਸ਼ੁਰੂਆਤ ਲਈ ਮੌਕੇ ਪ੍ਰਦਾਨ ਕਰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਦਮ ਨੇ ਦਹਾਕਿਆਂ ਤੋਂ ਕਰਜ਼ੇ ਦੇ ਬੋਝ ਹੇਠ ਦੱਬੇ ਪਰਿਵਾਰਾਂ ਲਈ ਰਾਹਤ ਅਤੇ ਮਾਣ-ਸਨਮਾਨ ਵਾਲਾ ਜੀਵਨ ਜਿਉਣ ਦੀ ਨਵੀਂ ਸ਼ੁਰੂਆਤ ਕੀਤੀ ਹੈ।

ਮੁੱਖ ਮੰਤਰੀ ਨੇ ਇਹ ਪਰਿਵਾਰ ਘਰ ਦੇ ਕਮਾਊ ਜੀਅ ਦਾ ਦੇਹਾਂਤ ਹੋ ਜਾਣ, ਲੰਬੀ ਬਿਮਾਰੀ ਕਾਰਨ ਸਾਰੀ ਬੱਚਤ ਖਤਮ ਹੋ ਜਾਣ ਜਾਂ ਆਮਦਨ ਦਾ ਕੋਈ ਹੋਰ ਵਸੀਲਾ ਨਾ ਹੋਣ ਵਰਗੀਆਂ ਪ੍ਰਸਥਿਤੀਆਂ ਕਾਰਨ ਆਪਣੇ ਕਰਜ਼ੇ ਵਾਪਸ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਮੰਨਣਾ ਹੈ ਕਿ ਅਜਿਹੇ ਲੋਕਾਂ ਤੋਂ ਇਸ ਕਰਜ਼ੇ ਦੀ ਵਸੂਲੀ ਕਰਨਾ ਸਰਾਸਰ ਬੇਇਨਸਾਫ਼ੀ ਹੈ ਜਿਸ ਕਰਕੇ ਕਰਜ਼ਾ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਸਿਰਫ਼ ਵਾਅਦੇ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਪੂਰਾ ਵੀ ਕਰਦੇ ਹਨ ਜਦਕਿ ਪਿਛਲੀਆਂ ਸਰਕਾਰਾਂ ਨੇ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤਿਆ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਅਨੁਸੂਚਿਤ ਜਾਤੀ ਭਾਈਚਾਰੇ ਦੇ ਪਰਿਵਾਰਾਂ ਦੇ ਦੁੱਖ-ਦਰਦ ਨੂੰ ਸਮਝਦੀ ਹੈ ਅਤੇ ਉਨ੍ਹਾਂ ਨੂੰ ਹਮੇਸ਼ਾ ਬਰਾਬਰਤਾ, ਬਣਦੇ ਹੱਕ ਅਤੇ ਮਾਣ-ਸਤਿਕਾਰ ਦਿੱਤਾ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਡਾ. ਬਲਜੀਤ ਕੌਰ, ਹਰਭਜਨ ਸਿੰਘ ਈ.ਟੀ.ਓ., ਲਾਲ ਚੰਦ ਕਟਾਰੂਚੱਕ ਅਤੇ ਕੁਲਦੀਪ ਸਿੰਘ ਧਾਲੀਵਾਲ ਤੋਂ ਇਲਾਵਾ ਹੋਰ ਸਖਸ਼ੀਅਤਾਂ ਹਾਜ਼ਰ ਸਨ।

ਆਪ ਦਾ ...

ਗੱਲਬਾਤ ਕਰਦਿਆਂ ਕੀਤਾ। ਕੇਂਦਰੀ ਰਾਜ ਮੰਤਰੀ ਬਿੱਟੂ ਨੇ ਕਿਹਾ ਕਿ ਜ਼ਿਮਨੀ ਚੋਣ 'ਚ ਹਲਕਾ ਪੱਛਮੀ ਦੇ ਵੋਟਰ ਭਾਜਪਾ ਉਮੀਦਵਾਰ ਨੂੰ ਆਪਣੀ ਵੋਟ ਦੇਣ ਦਾ ਮਨ ਬਣਾ ਚੁੱਕੇ ਹਨ।

ਦਰਦਨਾਕ ...

'ਤੇ ਪਹੁੰਚੀ। ਪੁਲਿਸ ਨੇ ਦੋਵਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਹਿਰਾਸਤ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ (ਜਲੰਧਰ) ਭੇਜ ਦਿੱਤਾ ਹੈ। ਦੋਵੇਂ ਨੌਜਵਾਨ ਬਹੁਤ ਛੋਟੇ ਸਨ। ਹਾਦਸੇ ਵਿੱਚ ਦੋਵਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਅਜੇ ਤੱਕ ਅਣਪਛਾਤੇ ਵਾਹਨ ਬਾਰੇ ਪਤਾ ਨਹੀਂ ਲੱਗ ਸਕਿਆ। ਸੀਸੀਟੀਵੀ ਕੈਮਰੇ ਦੀ ਮਦਦ ਨਾਲ ਵਾਹਨ ਦੀ ਭਾਲ ਕੀਤੀ ਜਾ ਰਹੀ ਹੈ।

ਇਸ ਸਬੰਧ ਜਾਣਕਾਰੀ ਦਿੰਦੇ ਹੋਏ ਐਸਐਚਓ ਗੁਰਾਇਆ ਸਿਕੰਦਰ ਸਿੰਘ ਵਿਰਕ ਅਤੇ ਪਿੰਡ ਘੁੜਕਾ ਦੇ ਅਸ਼ੋਕ ਮਾਹੇ ਨੇ ਦੱਸਿਆ ਕਿ ਉਹਨਾਂ ਨੂੰ ਸੂਚਨਾ ਮਿਲੀ ਸੀ ਪਾਰਾ ਨਹਿਰ ਪੁਲਿਸ 'ਤੇ ਇੱਕ ਮੋਟਰਸਾਈਕਲ 'ਤੇ ਸਵਾਰ 2 ਨੌਜਵਾਨਾਂ ਨੂੰ ਕੋਈ ਅਣਪਛਾਤਾ ਵਾਹਨ ਟੱਕਰ ਮਾਰ ਗਿਆ, ਜਿਸ ਕਾਰਨ ਮੌਕੇ 'ਤੇ ਹੀ ਦੋਵਾਂ ਦੀ ਦਰਦਨਾਕ ਮੌਤ ਹੋ ਗਈ ਹੈ। ਐਸਐਚਓ ਵਿਰਕ ਨੇ ਕਿਹਾ ਕਿ ਰਾਤ 8.15 ਵਜੇ ਦੇ ਕਰੀਬ 2 ਨੌਜਵਾਨ ਬਾਈਕ 'ਤੇ ਗੋਰਾਇਆ ਤੋਂ ਪਿੰਡ ਸੰਗ ਢੇਸੀਆਂ ਵੱਲ ਆ ਰਹੇ ਸਨ।

8ਵੇਂ ਵਿਆਹ ...

ਮਿਲਵਾਇਆ। ਜਦੋਂ ਔਰਤ ਲਾੜੇ ਦੇ ਦੋਸਤ ਦੇ ਘਰ ਗਈ, ਤਾਂ ਦੋਸਤ ਦੀ ਪਤਨੀ ਨੇ ਉਸਦੇ ਸ਼ੱਕੀ ਵਿਵਹਾਰ ਬਾਰੇ ਚਿਤਾਵਨੀ ਦਿੱਤੀ। ਇਸ ਤੋਂ ਬਾਅਦ ਲਾੜੇ ਨੂੰ ਵੀ ਸ਼ੱਕ ਹੋਇਆ ਤੇ ਉਹ ਜਾਂਚ ਕਰਨ ਲੱਗਾ।

ਪਾਰਲਰ 'ਚ ਹੈਂਡਬੈਗ ਦੀ ਹੋਈ ਤਲਾਸ਼ੀ

ਸ਼ੁੱਕਰਵਾਰ ਨੂੰ ਜਦੋਂ ਰੇਸ਼ਮਾ ਵਿਆਹ ਲਈ ਤਿਆਰ ਹੋਣ ਪਾਰਲਰ ਪਹੁੰਚੀ ਤਾਂ ਉਸਦੇ ਹੈਂਡਬੈਗ ਦੀ ਤਲਾਸ਼ੀ ਲਈ ਗਈ ਤੇ ਉਸ ਵਿਚ ਪਹਿਲੇ ਵਿਆਹਾਂ ਨਾਲ ਸੰਬੰਧਤ ਦਸਤਾਵੇਜ਼ ਮਿਲੇ। ਇਸ ਤੋਂ ਬਾਅਦ ਲਾੜੇ ਨੇ ਔਰਤ ਬਾਰੇ ਪੁਲਿਸ ਨੂੰ ਪੂਰੀ ਜਾਣਕਾਰੀ ਦਿੱਤੀ। ਪੁਲਿਸ ਨੇ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਮਾਮਲੇ ਦੀ ਜਾਂਚ ਵਿਚ ਲੱਗ ਗਈ।

ਸਾਰੀਆਂ ਅਕਾਲੀ ...

ਇੱਕ ਮਜਬੂਤ ਪੰਥਕ ਪਾਰਟੀ ਨਾ ਕੇਵਲ ਪੰਥ, ਕੌਮ ਅਤੇ ਪੰਜਾਬ ਦੀ ਜਰੂਰਤ ਹੈ ਬਲਕਿ ਇਹ ਦੇਸ਼ ਦੀ ਵੀ ਜਰੂਰਤ ਹੈ। ਸਾਰੀਆਂ ਅਕਾਲੀ ਧਿਰਾਂ ਨੂੰ ਆਪਸੀ ਹਉਮੈ ਦਾ ਤਿਆਗ ਕਰਕੇ ਕੌਮੀ ਹਿੱਤਾਂ ਲਈ ਇਕਜੁੱਟ ਹੋ ਕੇ ਪੰਥ ਅਤੇ ਪੰਜਾਬ ਲਈ ਅੱਗੇ ਆਉਣਾ ਚਾਹੀਦਾ ਹੈ। ਇਹੀ ਸੁਖਦੇਵ ਸਿੰਘ ਢੀਡਸਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਢੀਂਡਸਾ ਸਾਹਿਬ ਅਕਸਰ ਉਨ੍ਹਾਂ ਨੂੰ ਮਿਲਦੇ ਰਹਿੰਦੇ ਸਨ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੂਰੇ ਪੰਜਾਬ ਨੂੰ ਸੁਖਦੇਵ ਸਿੰਘ ਢੀਂਡਸਾ 'ਤੇ ਮਾਣ ਸੀ। ਉਨ੍ਹਾਂ ਨੇ ਕਿਹਾ ਕਿ ਪਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ। ਅਮਨ ਅਰੋੜਾ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਾਰੀ ਜ਼ਿੰਦਗੀ ਅਕਾਲੀ ਦਲ ਨੂੰ ਸਮਰਪਿਤ ਰਹੀ ਹੈ। ਇਸ ਤੋਂ ਇਲਾਵਾ ਹੋਰ ਵੀ ਸ਼ਖ਼ਸੀਅਤਾਂ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਲੈ ਕੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ।

# ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੇ ਮਹਿਲਾ ਤੇ ਉਸਦੇ ਪਤੀ 'ਤੇ FIR ਦਰਜ

**ਚੰਡੀਗੜ੍ਹ।** ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੀ ਮਹਿਲਾ ਅਤੇ ਉਸਦੇ ਪਤੀ 'ਤੇ FIR ਦਰਜ ਕੀਤੀ ਹੈ। ਉਸ ਤੋਂ ਬਾਅਦ ਹਿਮਾਚਲ ਪੁਲਿਸ ਨੇ ਉਨ੍ਹਾਂ ਦੇ ਘਰ ਛਛਾਪੇਮਾਰੀ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸਣ ਯੋਗ ਹੈ ਕਿ ਮਹਿਲਾ ਦੇ ਪਤੀ ਖ਼ਲਾਫ਼ ਹਿਮਾਚਲ ਦੇ ਮੰਡੀ ਵਿਚ ਗੈਂਗਰੇਪ ਦਾ ਪਰਚਾ ਦਰਜ ਹੋਇਆ ਹੈ। ਜਿਸ ਕਾਰਨ ਹਿਮਾਚਲ ਪੁਲਿਸ ਵਲੋਂ ਪਤੀ ਪਤਨੀ ਨੂੰ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਗ੍ਰਿਫ਼ਤਾਰੀ ਤੋਂ ਬਾਅਦ ਮਹਿਲਾ ਦੇ ਪਤੀ ਰੋਕੀ ਨੇ ਕਿਹਾ ਕਿ ਉਨ੍ਹਾਂ ਨੂੰ ਗ਼ਲਤ ਢੰਗ ਨਾਲ ਫਸਾਇਆ ਜਾ ਰਿਹਾ ਹੈ। ਜਿਸ ਦਿਨ ਮਾਮਲਾ ਦਰਜ ਹੋਇਆ ਉਹ ਮੰਡੀ ਵਿਚ ਹੀ ਨਹੀਂ ਸੀ। ਉਸ ਨੇ ਕਿਹਾ ਕਿ ਇਹ ਸਾਰੀ ਸ਼ਰਾਰਤ ਪਾਸਟਰ ਬਜਿੰਦਰ ਦੀ ਹੈ ਜਿਹੜਾ ਪੈਸੇ ਦੀ ਤਾਕਤ ਦੇ ਸਿਰ ਤੇ ਹਿਮਾਚਲ ਪੁਲਿਸ ਨੂੰ ਖਰੀਦ ਰਿਹਾ ਹੈ। ਉਹ ਸਾਡੇ ਕੋਲੋਂ ਇਸ ਲਈ ਬਦਲਾ ਲੈਣਾ ਚਾਹੁੰਦਾ ਹੈ ਕਿਉਂਕਿ ਅਸੀਂ ਉਸ ਨੂੰ ਜੇਲ ਦੀਆਂ ਸਲਾਖਾਂ ਦੇ ਪਿੱਛੇ ਪਹੁੰਚਾਇਆ ਹੈ।

ਪੀੜਤ ਪਤੀ ਪਤਨੀ ਨੇ ਹਿਮਾਚਲ ਦੇ ਡੀਜੀਪੀ ਨੂੰ ਅਤੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿ ਇਨਸਾਫ਼ ਲਈ ਚਿੱਠੀਆਂ ਵੀ ਲਿਖੀਆਂ ਹਨ। ਪੀੜਤ ਨੇ ਕਿਹਾ ਕਿ ਇਸ ਮਾਮਲੇ ਦੀ ਬਰੀਕੀ ਦੇ ਨਾਲ ਜਾਂਚ ਕੀਤੀ ਜਾਵੇ ਜੋ ਕਿ ਸਾਡੇ ਉੱਪਰ ਝੂਠੀ ਕਾਰਵਾਈ ਹੋਈ ਹੈ।

# FIR ਹੋਣ ਤੋਂ ਬਾਅਦ ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੀ ਮਹਿਲਾ ਦੇ ਪਤੀ ਨੇ ਖ਼ੁਦ ਬੇਕਸੂਰ ਦਸਿਆ

**ਮੋਹਾਲੀ।** ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੀ ਮਹਿਲਾ ਅਤੇ ਪਤੀ 'ਤੇ ਗੈਂਗਰੇਪ ਦੀ FIR ਤੋਂ ਬਾਅਦ ਉਨ੍ਹਾਂ ਨੇ ਖ਼ੁਦ ਬੇਕਸੂਰ ਦਸਿਆ ਹੈ। ਮਹਿਲਾ ਦੇ ਪਤੀ ਰੌਕੀ ਨੇ ਕਿਹਾ, "ਮੈਂ ਆਪਣੀ ਜ਼ਿੰਦਗੀ 'ਚ ਕਦੇ ਵੀ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ 'ਚ ਨਹੀਂ ਗਿਆ। ਮੈਨੂੰ ਸੁਰੱਖਿਆ ਮਿਲੀ ਹੋਈ ਹੈ, ਹਰ ਜਗ ?ਹਾ ਦੱਸ ਕੇ ਜਾਣਾ ਪੈਂਦਾ ਹੈ।"

ਰੋਕੀ ਨੇ ਅੱਗੇ ਕਿਹਾ, "ਜਿਸ ਹਿਸਾਬ ਨਾਲ ਮੇਰੇ 'ਤੇ ਇਹ ਕੇਸ ਪਾ ਰਿਹੈ ਹਨ ਮੈਨੂੰ ਆਪ ਨਹੀਂ ਪਤਾ ਮੈਂ ਕਿੰਨੇ ਰੇਪ ਕੀਤੇ ਹਨ, ਐਡਾ ਕਿੱਡਾ ਮੈਂ ਸ਼ਕਤੀਮਾਨ ਹਾਂ, ਮੈਂ ਵਿਆਹਿਆ ਬੰਦਾ ਹਾਂ। ਮੈਨੂੰ ਮਾਣਯੋਗ ਹਾਈ ਕੋਰਟ ਵਲੋਂ ਦੋ ਗੰਨਮੈਨ ਮਿਲੇ ਹੋਏ ਹਨ। ਮੈਂ ਤੇ ਮੇਰੀ ਪਤਨੀ 24 ਘੰਟੇ ਅਸੀਂ ਪੁਲਿਸ ਦੀ ਨਜ਼ਰ ਵਿਚ ਹਾਂ।"

ਉਨ੍ਹਾਂ ਅੱਗੇ ਕਿਹਾ, "ਜਦੋਂ ਐਸ.ਐਚ.ਓ. FIR ਦਰਜ ਕਰ ਰਿਹਾ ਹੈ ਤਾਂ ਉਸ ਨੇ ਇੱਕ ਵੀ ਕੁੜੀ ਦਾ ਜ਼ਿਕਰ ਨਹੀਂ ਦਿੱਤਾ, ਸਿੱਧਾ ਨਾਵਾਂ 'ਤੇ ਐਫ.ਆਈ.ਆਰ. ਦਰਜ ਕਰ ਦਿੱਤੀ ਕਿੰਨਾ ਵੱਡਾ ਧੱਕਾ ਕੀਤਾ ਜਾ ਰਿਹਾ ਹੈ।"

ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੀ ਮਹਿਲਾ ਨੇ ਗੱਲਬਾਤ ਦੌਰਾਨ ਦੱਸਿਆ, "ਜਦੋਂ ਦਾ ਬਜਿੰਦਰ ਜੇਲ 'ਚ ਬੰਦ ਹੈ ਉਦੋਂ ਤੋਂ ਸਾਡੇ 'ਤੇ ਹੋਰ ਵੀ ਕਈ ਝੂਠੀਆਂ ਸ਼ਿਕਾਇਤ ਦਰਜ ਕਰਵਾਈਆ ਗਈਆਂ ਹਨ। ਮੈਂ ਖੁਦ ਸਮਝ ਨਹੀਂ ਆਉਂਦੀ ਕਿ ਪੁਲਿਸ ਕਿਸ ਆਧਾਰ 'ਤੇ ਐਫ਼.ਆਈ.ਆਰ. ਕਰ ਰਹੀ ਹੈ।"

# ਸ. ਸਿਮਰਨਜੀਤ ਸਿੰਘ ਮਾਨ ਜੀ ਨੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਕਿਤਾਬ "ਸੰਘਰਸ਼ ਦਾ ਦੌਰ" ਦਾ Second Edition ਕੀਤਾ ਲੋਕ ਅਰਪਣ






**ਅੰਮ੍ਰਿਤਸਰ, (ਬਿਊਰੋ)** - ਸ. ਸਿਮਰਨਜੀਤ ਸਿੰਘ ਮਾਨ ਜੀ ਨੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਕਿਤਾਬ "ਸੰਘਰਸ਼ ਦਾ ਦੌਰ"ਦਾ Second Edition ਨੂੰ ਆਪਣੇ ਮੁਬਾਰਕ ਹੱਥਾਂ ਨਾਲ ਲੋਕ ਅਰਪਣ ਕੀਤਾ। ਸ. ਸਿਮਰਨਜੀਤ ਸਿੰਘ ਮਾਨ ਜੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਉੱਤੇ ਪਹਿਰਾ ਦੇਣ ਵਾਲੇ ਹਰ ਆਗੂ ਦਾ ਦਿਲੋਂ ਸਤਿਕਾਰ ਕਰਦੇ ਹਨ। ਸਿੱਖ ਕੌਮ ਦੇ ਮਹਾਨ ਸੰਤ ਸਿਪਾਹੀ ਦੀ ਸੋਚ ਨਾਲ ਚੱਲੇ ਸੰਘਰਸ਼ ਦਾ ਹਿੱਸਾ ਬਣੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਜਿੰਨਾਂ ਪੰਥ ਦੀ ਮਰਿਆਦਾ ਕਾਇਮ ਰੱਖਣ ਦੀ ਖਾਤਿਰ ਜਲਵਤਨੀ ਜ਼ਿੰਦਗੀ ਕਬੂਲ ਕੀਤੀ ਅਤੇ ਕੌਮ ਦੇ ਜਰਨੈਲ ਸ. ਸਿਮਰਨਜੀਤ ਸਿੰਘ ਮਾਨ ਜਿੰਨਾਂ ਪੰਥ ਲਈ ਆਪਣਾ ਸਾਰਾ ਜੀਵਨ ਪੰਜਾਬ ਦੀ ਧਰਤੀ ਤੇ ਰਹਿ ਕੇ ਨਿਧੜਕ ਅਵਾਜ ਬੁਲੰਦ ਕਰਣ ਵਿੱਚ ਗੁਜਾਰਿਆ। ਇੰਨਾਂ ਮਹਾਨ ਸ਼ਖਸਿਅਤਾਂ ਵਿੱਚ ਸੂਤਰਧਾਰ ਬਣੀ ਮੈਂ ਨਿਮਾਣੀ ਰਸ਼ਪਿੰਦਰ ਕੌਰ ਗਿੱਲ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਸਮਝਦੀ ਹਾਂ ਕਿ ਪੰਥ ਦੇ ਮਹਾਨ ਆਗੂਆਂ ਦੇ ਵਿਚਾਰ ਮੈਂ ਪਾਠਕਾਂ ਤੱਕ ਪਹੁੰਚਦਾ ਕਰਣ ਵਿੱਚ ਕਾਮਯਾਬ ਹੋ ਪਾ ਰਹੀ ਹਾਂ। ਗੁਰੂ ਮਹਾਰਾਜ ਨੇ ਕਿਸ ਸ਼ਖਸ ਕੋਲੋਂ ਕੀ ਸੇਵਾ ਲੈ ਲੈਣੀ ਹੈ ਇਹ ਉਸ ਅਕਾਲ ਪੁਰਖ ਦੀ ਅਪਾਰ ਕਿਰਪਾ ਹੈ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦੀ ਮੈਗਜੀਨ "ਬਾਗੀ" ਦਾ ਆਗਾਜ ਕੀਤਾ ਗਿਆ

## ਮੈਗਜ਼ੀਨ ਦਾ ਨਾਮ "ਬਾਗੀ" ਸ. ਇਮਾਨ ਸਿੰਘ ਮਾਨ ਜੀ ਨੇ ਰੱਖਿਆ



**ਅੰਮ੍ਰਿਤਸਰ, (ਬਿਊਰੋ)** - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵੱਲੋਂ ਅੱਜ ਅੰਮ੍ਰਿਤਸਰ ਵਿਖੇ ਮੈਗਜੀਨ "ਬਾਗੀ"ਦਾ ਆਗਾਜ ਕੀਤਾ ਗਿਆ। ਮੈਗਜ਼ੀਨ ਦੇ ਲੋਕ ਅਰਪਣ ਸਮੇਂ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ, ਹਰਪਾਲ ਸਿੰਘ ਬਲੇਰ ਜਨਰਲ ਸਕੱਤਰ, ਰਸ਼ਪਿੰਦਰ ਕੌਰ ਗਿੱਲ ਜਰਨਲ ਸਕੱਤਰ ਇਸਤਰੀ ਵਿੰਗ ਪੰਜਾਬ, ਉਪਕਾਰ ਸੰਧੂ ਜਨਰਲ ਸਕੱਤਰ, ਉਪਿੰਦਰ ਪ੍ਰਤਾਪ ਸਿੰਘ ਸੋਹਲ ਪੀ.ਏ ਸ. ਸਿਮਰਨਜੀਤ ਸਿੰਘ ਮਾਨ, ਹਰਮਨਦੀਪ ਸਿੰਘ ਸ਼ਹਿਰੀ ਪ੍ਰਧਾਨ ਅੰਮ੍ਰਿਤਸਰ, ਪਰਮਜੀਤ ਸਿੰਘ ਸੁੱਖ ਜਨਰਲ ਸਕੱਤਰ ਮਾਝਾ ਜੋਨ, ਮਨਜਾਪ ਕੌਰ ਪ੍ਰਧਾਨ ਚਿਲਡਰਨ ਵਿੰਗ ਅਤੇ ਅੰਮ੍ਰਿਤਸਰ ਜ਼ਿਲੇ ਦੀ ਸਮੁੱਚੀ ਜਥੇਬੰਦੀ ਮੌਜੂਦ ਰਹੀ। ਇਸ ਮੈਗਜ਼ੀਨ ਦੀ ਸੰਪਾਦਕ ਰਸ਼ਪਿੰਦਰ ਕੌਰ ਗਿੱਲ ਹਨ। ਇਹ ਮੈਗਜ਼ੀਨ ਹਰ ਮਹੀਨੇ ਪ੍ਰਕਾਸ਼ਿਤ ਹੋਵੇਗਾ। ਇਸ ਮੈਗਜੀਨ ਰਾਹੀਂ ਪਾਰਟੀ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਜੀ ਅਤੇ ਕਾਰਜਕਾਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਜੀ ਵੱਲੋਂ ਪੰਥ ਅਤੇ ਦੇਸ਼ ਪੰਜਾਬ ਦੇ ਵੱਖ ਵੱਖ ਮੁੱਦਿਆਂ ਉੱਪਰ ਜਾਣਕਾਰੀ ਸੰਗਤ ਦੇ ਸਪੁਰਦ ਕੀਤੀ ਜਾਏਗੀ। ਇਸ ਮੈਗਜ਼ੀਨ ਦਾ ਨਾਮ ਸ. ਇਮਾਨ ਸਿੰਘ ਮਾਨ ਜੀ ਵੱਲੋਂ "ਬਾਗੀ"ਰੱਖਿਆ ਗਿਆ ਹੈ।

## ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025

# ਜਰਖੜ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਫਾਈਨਲ ਵਿੱਚ ਪੁੱਜੇ

## ਜੂਨੀਅਰ ਵਰਗ ਦਾ ਫਾਈਨਲ ਕਿਲ੍ਹਾ ਰਾਏਪੁਰ ਅਤੇ ਜਰਖੜ ਅਕੈਡਮੀ ਵਿਚਕਾਰ, ਜਗਜੀਤ ਸਿੰਘ ਦਾਖਾ ਨੇ ਜਰਖੜ ਅਕੈਡਮੀ ਨੂੰ ਦਿੱਤੀ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ

**Oly 1, 1a,**
**ਖੰਨਾ/ਲੁਧਿਆਣਾ, ਲਾਲ ਸਿੰਘ ਮਾਂਗਟ**

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵਲੋਂ ਵੱਲੋਂ ਕਰਵਾਏ ਜਾ ਰਹੇ 15ਵੇਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਠਵੇਂ ਦਿਨ ਖੇਡੇ ਗਏ ਸੈਮੀਫਾਈਨਲ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਨੇ ਜਿੱਥੇ ਫਾਈਨਲ ਵਿੱਚ ਆਪਣੀ ਜਗ ?ਹਾ ਪੱਕੀ ਕੀਤੀ ਉੱਥੇ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਅਤੇ ਜਰਖੜ ਅਕੈਡਮੀ ਨੇ ਪਹਿਲੀ ਵਾਰ ਫਾਈਨਲ ਵਿੱਚ ਪੁੱਜਣ ਦਾ ਮਾਣ ਹਾਸਿਲ ਕੀਤਾ। ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਨੀਲੇ ਰੰਗ ਦੀ ਐਸਟ ?ਰੋਟਰਫ ਉਪਰ ਫ਼ਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਰਾਜ ਪਧਰੀ ਹਾਕੀ ਫੈਸਟੀਵਲ ਦੇ ਪਹਿਲੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਪਿਛਲੇ ਸਾਲ ਦੀ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਮੋਗਾ ਕਲੱਬ ਨੂੰ 5-4 ਨਾਲ ਹਰਾਇਆ। ਜਰਖੜ ਅਕੈਡਮੀ ਦਾ ਸੁਰਿੰਦਰ ਸਿੰਘ ਸ਼ਿੰਦਾ' ਡਾਬਰ ਹੀਰੋ ਆਫ ਦਾ ਮੈਚ' ਬਣਿਆ, ਅਤੇ ਗੁਰਸਤਿੰਦਰ ਸਿੰਘ ਪ੍ਰਗਟ ਨੇ ਜੇਤੂ ਹੈਟ੍ਰਿਕ ਜੜੀ,ਜਦ ਕਿ ਦੂਸਰੇ ਮੈਚ ਵਿਚ ਨੀਟਾ ਕਲੱਬ ਰਾਮਪੁਰ ਨੇ ਕਰੜੇ ਸੰਘਰਸ਼ ਬਾਅਦ ਕਿਲ੍ਹਾ ਰਾਏਪੁਰ ਨੂੰ 6-2 ਗੋਲਾਂ ਨਾਲ ਹਰਾਇਆ ।ਰਾਮਪੁਰ ਦਾ ਜਗਜੀਤ ਸਿੰਘ 'ਡਾਬਰ ਹੀਰੋ ਆਫ ਦਾ ਮੈਚ' ਬਣਿਆ ।







ਜੂਨੀਅਰ ਵਰਗ ਵਿੱਚ ਕਿਲਾ ਰਾਏਪੁਰ ਹਾਕੀ ਸੈਂਟਰ ਨੇ ਨਨਕਾਣਾ ਸਾਹਿਬ ਸਕੂਲ ਰਾਮਪੁਰ ਛੰਨਾ ਨੂੰ 4-0 ਗੋਲਾਂ ਨਾਲ ਹਰਾਕੇ ਕੇ ਫਾਈਨਲ ਵਿੱਚ ਦਾਖਲਾ ਪਾਇਆ। ਕਿਲਾ ਰਾਏਪੁਰ ਸਕੂਲ ਦਾ ਰਾਜਵੀਰ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ। ਜਨੀਅਰ ਵਰਗ ਦੇ ਦੂਸਰੇ ਸੈਮੀ ਫਾਈਨਲ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੇ ਏਕ ਨੂਰ ਅਕੈਡਮੀ ਨੂੰ 5-0 ਗੋਲਾਂ ਨਾਲ ਹਰਾ ਕੇ ਫਾਈਨਲ ਵਿੱਚ ਪਹਿਲੀ ਵਾਰ ਪ੍ਰਵੇਸ਼ ਪਾਇਆ। ਜਰਖੜ ਅਕਾਦਮੀ ਦਾ

ਧਰਮਵੀਰ ਸਿੰਘ 'ਡਾਬਰ ਹੀਰੋ ਆਫ ਦਾ ਮੈਚ' ਬਣਿਆ

ਅੱਜ ਦੇ ਮੈਚਾਂ ਦੌਰਾਨ ਕੌਮੀ ਅਥਲੀਟ ਹਰਜਿੰਦਰ ਸਿੰਘ ਗਿੱਲ ਡੀਐਸਪੀ ਹਲਕਾ ਗਿੱਲ, ਜਗਜੀਤ ਸਿੰਘ ਦਾਖਾ ਕਲਕੱਤਾ ਟਰਾਂਸਪੋਰਟ,ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਰੇਲਵੇ ਵੇਟਲਿਫ਼ਟਰ ,ਰਾਜ ਗਰੇਵਾਲ ਨੇ ਹਾਜ਼ਰੀ ਭਰਦਿਆ ਟੀਮਾਂ ਦੇ ਨਾਲ ਜਾਣ ਪਹਿਚਾਨ ਕੀਤੀ। ਇਸ ਮੌਕੇ ਜਰਖੜ ਸਟੇਡੀਅਮ ਦੇ ਢਾਂਚੇ ਅਤੇ ਅਤੇ ਅਕੈਡਮੀ ਦੇ ਕਾਰਜਾਂ ਦੀ ਸਲਾਘਾ ਕਰਦਿਆਂ ਸਾਬਕਾ ਕੌਮੀ ਹਾਕੀ ਖਿਡਾਰੀ ਅਤੇ ਉੱਘੇ ਬਿਜ਼ਨਿਸ ਮੈਨ ਜਗਜੀਤ ਸਿੰਘ ਸੇਖੋਂ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸਰਪੰਚ ਸੰਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਅਜੀਤ ਸਿੰਘ ਲਾਦੀਆ, ਖੁਸ਼ਮੀਤ ਸਿੰਘ ਖੰਨਾ, ਪਵਨ ਬਾਂਸਲ, ਮਨਜੀਤ ਸਿੰਘ ਚਾਹਿਲ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਦਲਬੀਰ ਸਿੰਘ ਜਰਖੜ , ਪਰਮਜੀਤ ਸਿੰਘ ਪੰਮਾ ਗਰੇਵਾਲ, ਰੁਪਿੰਦਰ ਸਿੰਘ ਗਿੱਲ ਉਟਾਲਾ, ਗੁਰਵਿੰਦਰ ਸਿੰਘ ਗਰੇਵਾਲ ਕਿਲ੍ਹਾ ਰਾਏਪੁਰ,ਪਰਮਜੀਤ ਸਿੰਘ ਪੰਮੀ ਨਾਰੰਗਵਾਲ, ਸ਼ਿੰਗਾਰਾ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ 'ਚ ਵੱਖ ਵੱਖ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ - (ਅਮਨ ਸਿੱਧੂ ਮੱਲੇਵਾਲ)**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰਵੱਖ ਵੱਖ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਗਸਤ 2025 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਪੈਂਦੇ ਸਾਰੇ ਮੈਰਿਜ ਪੈਲੇਸਾਂ, ਹੋਟਲਾਂ, ਕਮਿਊਨਿਟੀ ਹਾਲ ਅਤੇ ਅਜਿਹੇ ਸਥਾਨ ਜਿੱਥੇ ਵਿਆਹ ਸ਼ਾਦੀਆਂ ਦੇ ਪ੍ਰੋਗਰਾਮ/ਪਾਰਟੀਆਂ ਦਾ ਆਯੋਜਨ ਕੀਤਾ ਜਾਂਦਾ ਹੈ, ਪ੍ਰੋਗਰਾਮ ਮੌਕੇ ਕਿਸੇ ਵੀ ਲਾਇਸੰਸੀ ਵਿਅਕਤੀ ਵੱਲੋਂ ਅਸਲਾ ਅੰਦਰ ਲੈ ਕੇ ਜਾਣ ਅਤੇ ਲੋਕ ਦਿਖਾਵੇ ਲਈ ਅਸਮਾਨੀ ਫਾਇਰ ਕਰਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਗਸਤ 2025 ਤੱਕ ਲਾਗੂ ਰਹਿਣਗੇ।

ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਵਿੱਚ ਪਾ ਕੇ ਵੇਚਣ 'ਤੇ ਪਾਬੰਦੀ

ਵਧੀਕਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਗੁਟਕਾ, ਪਾਨ ਮਸਾਲਾ ਅਤੇ ਖਾਣ-ਪੀਣ ਵਾਲੀਆਂ ਹੋਰ ਚੀਜਾਂ, ਜਿਨ੍ਹਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਖਾਣ-ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਹੁੱਕਾ ਬਾਰ ਹੋਟਲ/ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਪਰੋਸਣ ਅਤੇ ਅਜਿਹੇ ਹੁੱਕਾ ਬਾਰ ਚਲਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 5 ਅਗਸਤ 2025 ਤੱਕ ਲਾਗੂ ਰਹਿਣਗੇ।

ਵਿਆਹ ਸ਼ਾਦੀਆਂ ਅਤੇ ਹੋਰ ਪ੍ਰੋਗਰਾਮਾਂ 'ਤੇ ਪਟਾਖੇ ਚਲਾਉਣ 'ਤੇ ਪਾਬੰਦੀ ਹੁਕਮ ਜਾਰੀ

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪਟਿਆਲਾ ਜ਼ਿਲ੍ਹੇ ਦੀ ਹੱਦ ਵਿੱਚ ਵਿਆਹ ਸ਼ਾਦੀਆਂ ਜਾਂ ਹੋਰ ਖੁਸ਼ੀ ਦੇ ਮੌਕਿਆਂ 'ਤੇ ਜਾਂ ਫਿਰ ਕਿਸੇ ਵੀ ਤਰ੍ਹਾਂ ਦਾ ਪ੍ਰੋਗਰਾਮ 'ਤੇ ਵੀ ਪ੍ਰਦੂਸ਼ਣ ਦੀ ਸਮੱਸਿਆ ਨੂੰ ਕੰਟਰੋਲ ਕਰਨ ਲਈ ਪਟਾਕਿਆਂ ਨੂੰ ਵਜਾਉਣ/ਚਲਾਉਣ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਗਸਤ 2025 ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਆਮ ਜਨਤਾ ਦੇ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਵਰਦੀਆਂ, ਆਰਮੀ ਬੈਚ, ਟੋਪੀ, ਬੈਲਟਾਂ ਅਤੇ ਆਰਮੀ ਚਿੰਨ ਆਦਿ ਖਰੀਦ, ਵੇਚ ਅਤੇ ਵਰਤੋਂ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ।

# ਟੀ ਬੀ ਐਸ ਇੰਟਰਨੈਸ਼ਨਲ ਸਕੂਲ ਵਿੱਚ ਵਰਕਸ਼ਾਪ ਦਾ ਆਯੋਜਨ

**ਜ਼ੀਰਾ - ( ਅੰਗਰੇਜ਼ ਬਰਾੜ )** - ਫਿਰੋਜ਼ਪੁਰ ਮੋਗਾ ਰੋਡ 'ਤੇ ਸਥਿਤ ਟੀ ਬੀ ਐਸ ਇੰਟਰਨੈਸ਼ਨਲ ਸਕੂਲ ਫਿਰੋਜਸ਼ਾਹ (ਫਿਰੋਜ਼ਪੁਰ) ਵਿਖੇ ਚੇਅਰਮੈਨ ਡਾ ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਧਿਆਪਕਾਂ ਦੇ ਬੱਚਿਆਂ ਨੂੰ ਪੜ੍ਹਾਉਣ ਦੇ ਵੱਖ ਵੱਖ ਤਰੀਕੇ ਅਤੇ ਬੱਚਿਆਂ ਦੇ ਸਰਬ ਪੱਖੀ ਵਿਕਾਸ ਲਈ ਵਰਕਸ਼ਾਪ ਲਗਾਈ ਗਈ। ਸਕੂਲ ਪ੍ਰਿੰਸੀਪਲ ਮੈਡਮ ਰੇਖਾ ਪਾਸੀ ਨੇ ਅਧਿਆਪਕਾਂ ਦੇ ਹੁਨਰ,ਵਿਕਾਸ ਅਤੇ ਉਹਨਾਂ ਦੇ ਪੜ੍ਹਾਉਣ ਦੇ ਤਰੀਕੇ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਕੂਲ ਵਿੱਚ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। ਜਿਸ ਵਿੱਚ ਰਿਸੋਰਸ ਪਰਸਨ ਮਿਸ ਰਿਤਿਕਾ ਸ਼ਰਮਾ ਨੇ ਅਧਿਆਪਕਾਂ ਨੂੰ ਕਲਾਸ ਵਿੱਚ ਪੜ੍ਹਾਉਣ ਦੌਰਾਨ ਵਰਤੀਆਂ ਜਾਣ ਵਾਲੀਆਂ ਸਿੱਖਿਆ ਤਕਨੀਕਾਂ ਅਤੇ ਬੱਚਿਆਂ ਦੇ ਪੜ੍ਹਨ ਦੇ ਢੰਗ ਨੂੰ ਪ੍ਰਭਾਵਸ਼ਾਲੀ ਬਣਾਉਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅਧਿਆਪਕਾਂ ਨੂੰ ਬੱਚਿਆਂ ਦੀਆਂ ਜ਼ਰੂਰਤਾਂ, ਪੜ੍ਹਾਈ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਸਮਝਣ, ਉਨ੍ਹਾਂ ਨਾਲ ਆਪਸੀ ਵਿਚਾਰ-ਵਟਾਂਦਰੇ ਰਾਹੀਂ ਉਨ੍ਹਾਂ ਨੂੰ ਹੱਲ ਕਰਨ ਅਤੇ ਆਧੁਨਿਕ ਤਰੀਕੇ ਨਾਲ ਬੱਚਿਆਂ ਨੂੰ ਪੜ੍ਹਾਉਣ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ, ਅਧਿਆਪਕਾਂ ਨੂੰ ਖੇਡ ਗਤੀਵਿਧੀਆਂ ਰਾਹੀਂ ਹਰ ਸਮੇਂ ਇਕਾਗਰਤਾ ਅਤੇ ਸਰਗਰਮ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਦੇ ਆਯੋਜਨ ਦਾ ਉਦੇਸ਼ ਅਧਿਆਪਕਾਂ ਦੇ ਸਰਵਪੱਖੀ ਵਿਕਾਸ ਅਤੇ ਵਿਦਿਆਰਥੀਆਂ ਨੂੰ ਦਿੱਤੇ ਗਏ ਮੌਜੂਦਾ ਅਧਿਆਪਨ ਢੰਗ ਨੂੰ ਪ੍ਰਭਾਵਸ਼ਾਲੀ ਬਣਾਉਣਾ ਹੈ ਤਾਂ ਜੋ ਅਧਿਆਪਕ ਵਿਦਿਆਰਥੀਆਂ ਨੂੰ ਸਿੱਖਣ ਦੇ ਨਵੇਂ ਮੌਕੇ ਪ੍ਰਦਾਨ ਕਰ ਸਕਣ ਅਤੇ ਉਨ੍ਹਾਂ ਦੇ ਪੜ੍ਹਨ ਦੇ ਢੰਗ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਸਕਣ।



# ਡਾ ਜਾਚਕ ਨੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਇਤਿਹਾਸ ਦਾ ਖਰੜਾ ਪ੍ਰਬੰਧਕਾਂ ਨੂੰ ਸੌਂਪਿਆ

**ਜ਼ੀਰਾ - ( ਅੰਗਰੇਜ਼ ਬਰਾੜ )** - ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਸ਼ਾਨਾਮੱਤਾ ਇਤਿਹਾਸ ਹੈ। ਅਕਾਡਮੀ ਦੀ ਸਥਾਪਨਾ 24 ਅਕਤੂਬਰ 1954 ਨੂੰ ਹੋਈ ਸੀ ਅਤੇ ਪਿਛਲੇ ਸਾਲ ਇਸ ਅਕਾਡਮੀ ਦੇ ਮਾਣਮੱਤੇ ਇਤਿਹਾਸ ਨੂੰ ਲਿਖਣ ਦੀ ਸੇਵਾ ਡਾ ਹਰੀ ਸਿੰਘ ਜਾਚਕ ਸਕੱਤਰ ਸਾਹਿਤਕ ਸਰਗਰਮੀਆਂ ਦੀ ਲਗਾਈ ਗਈ ਸੀ। ਉਹਨਾ ਨੇ ਪਿਛਲੇ ਇਕ ਸਾਲ ਤੋਂ ਦਿਨ ਰਾਤ ਇਕ ਕਰ ਕੇ ਇਸ ਦੇ ਇਤਿਹਾਸ ਦਾ ਤਿਆਰ ਕੀਤਾ ਖਰੜਾ ਅਕਾਡਮੀ ਦੇ ਪ੍ਰਧਾਨ ਡਾ ਸਰਬਜੀਤ ਸਿੰਘ ਨੂੰ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿਚ ਪੇਸ਼ ਕੀਤਾ। ਪ੍ਰਬੰਧਕੀ ਬੋਰਡ ਵਲੋਂ ਅਕਾਡਮੀ ਦੀਆਂ ਚਾਰ ਪ੍ਰਮੁੱਖ ਸ਼ਖਸ਼ੀਅਤਾਂ ਸਰਦਾਰ ਸਰਦਾਰਾ ਸਿੰਘ ਜੌਹਲ, ਪ੍ਰੋਫ਼ੈਸਰ ਗੁਰਭਜਨ ਸਿੰਘ ਗਿੱਲ, ਡਾ ਸੁਖਦੇਵ ਸਿੰਘ ਸਿਰਸਾ ਅਤੇ ਪ੍ਰੋਫ਼ੈਸਰ ਰਵਿੰਦਰ ਭੱਠਲ ਨੂੰ ਨਜ਼ਰਸਾਨੀ ਲਈ ਭੇਜਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਤੇ ਡਾ ਸਰਬਜੀਤ ਸਿੰਘ ਪ੍ਰਧਾਨ ਅਤੇ ਡਾ ਗੁਲਜਾਰ ਸਿੰਘ ਪੰਧੇਰ ਨੇ ਅਕਾਡਮੀ ਦੇ ਇਤਿਹਾਸ ਤੇ ਚਾਨਣਾ ਪਾਇਆ ਤੇ ਡਾ ਜਾਚਕ ਦੀ ਇਸ ਉਦਮ ਲਈ ਸ਼ਲਾਘਾ ਕੀਤੀ। ਡਾ ਜਾਚਕ ਨੇ ਤਾੜੀਆਂ ਦੀ ਗੂੰਜ ਵਿਚ ਇਸ ਇਤਿਹਾਸ ਨੂੰ ਤਿਆਰ ਕਰਨ ਦੇ ਪਿੱਛੋਕੜ ਬਾਰੇ ਭਾਵਪੂਰਤ ਕਵਿਤਾ ਸੁਣਾਈ। ਇਸ ਮੌਕੇ ਡਾ ਗੁਰਚਰਨ ਕੌਰ ਕੋਚਰ, ਡਾ ਹਰਵਿੰਦਰ ਸਿੰਘ ਸਿਰਸਾ, ਡਾ ਅਰਵਿੰਦਰ ਕੌਰ ਕਾਕੜਾ, ਜਸਪਾਲ ਮਾਨਖੇੜਾ ਸਾਰੇ ਮੀਤ ਪ੍ਰਧਾਨ, ਡਾ ਅਨੂਪ ਸਿੰਘ ਸਾਬਕਾ ਜਨਰਲ ਸਕੱਤਰ, ਜਸਵੀਰ ਝੱਜ ਦਫਤਰ ਸਕੱਤਰ ਤੇ ਪ੍ਰੈਸ ਸਕੱਤਰ, ਸ੍ਰੀ ਵਰਗਿਸ ਸਲਾਮਤ, ਪ੍ਰੇਮ ਸਾਹਿਲ ਦੇਹਰਾਦੂਨ, ਜਨਮੇਜਾ ਜੌਹਲ, ਕੰਵਰਜੀਤ ਭੱਠਲ, ਡਾ ਸੰਤੋਖ ਸਿੰਘ ਸੁੱਖੀ, ਦੀਪ ਜਗਦੀਪ ਸਿੰਘ ਤੇ ਸੰਜੀਵਨ ਸਿੰਘ ਮੈਂਬਰ ਸਾਹਿਬਾਨ ਸ਼ਾਮਲ ਹੋਏ।



# ਕ੍ਰਿਸ਼ੀ ਗਿਆਨ ਕੇਂਦਰ (ਕੇਵੀਕੇ) ਨੇ ਫਾਜ਼ਿਲਕਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਜਾਗਰੂਕਤਾ ਮੁਹਿੰਮ ਚਲਾਈ

**ਫਾਜਿਲਕਾ** - ਉੱਨਤ ਕ੍ਰਿਸ਼ੀ ਸੰਕਲਪ ਅਭਿਆਨ ਦੇ ਗਿਆਰ੍ਹਵੇਂ ਦਿਨ, ਕ੍ਰਿਸ਼ੀ ਗਿਆਨ ਕੇਂਦਰ (ਕੇਵੀਕੇ) ਫਾਜ਼ਿਲਕਾ ਅਤੇ ਆਈਸੀਏਆਰ-ਸੀਆਈਪੀਐਚਈਟੀ, ਅਬੋਹਰ ਦੀਆਂ ਸਾਂਝੀਆਂ ਟੀਮਾਂ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਜਾਗਰੂਕਤਾ ਮੁਹਿੰਮ ਚਲਾਈ। ਇਸ ਦੌਰਾਨ, ਟੀਮ ਨੇ ਖਾਸ ਤੌਰ 'ਤੇ ਸਾਉਣੀ ਫਸਲ ਉਤਪਾਦਨ ਤਕਨਾਲੋਜੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ - ਜਿਸ ਵਿੱਚ ਉੱਚ-ਉਪਜ ਦੇਣ ਵਾਲੇ ਬੀਜਾਂ ਦੀ ਚੋਣ, ਸਮੇਂ ਸਿਰ ਬਿਜਾਈ, ਪਾਣੀ-ਸਿੰਚਾਈ ਪ੍ਰਬੰਧਨ ਦੇ ਤਰੀਕੇ ਅਤੇ ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਅ ਦੇ ਉਪਾਅ ਸ਼ਾਮਲ ਸਨ। ਨਾਲ ਹੀ, ਬਾਗਬਾਨੀ ਵਿੱਚ ਪੋਸ਼ਣ ਪ੍ਰਬੰਧਨ ਲਈ, ਮਾਹਰਾਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਲਈ ਸੰਤੁਲਿਤ ਖਾਦ ਦੀ ਵਰਤੋਂ, ਖਾਦ ਅਤੇ ਜੈਵਿਕ ਖਾਦ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਫਲਾਂ ਦੇ ਪੌਦਿਆਂ ਲਈ ਨਾਈਟ ?ਰੋਜਨ, ਫਾਸਫੋਰਸ ਅਤੇ ਪੋਟਾਸ਼ ਦਾ ਸਹੀ ਅਨੁਪਾਤ ਕਿਵੇਂ ਨਿਰਧਾਰਤ ਕਰਨਾ ਹੈ ਅਤੇ ਸੂਖਮ ਪੌਸ਼ਟਿਕ ਤੱਤਾਂ ਦੀ ਘਾਟ ਨੂੰ ਕਿਵੇਂ ਦੂਰ ਕਰਨਾ ਹੈ। ਇਸ ਤੋਂ ਇਲਾਵਾ, ਟੀਮ ਨੇ ਮਿੱਟੀ ਦੇ ਨਮੂਨੇ ਇਕੱਠੇ ਕੀਤੇ ਅਤੇ ਕਿਸਾਨਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਜ਼ਮੀਨ ਦਾ ਪੌਸ਼ਟਿਕ ਵਿਸ਼ਲੇਸ਼ਣ ਕਰਵਾਉਣਾ ਕਿਉਂ ਜ਼ਰੂਰੀ ਹੈ। ਇਸ ਪ੍ਰਕਿਰਿਆ ਰਾਹੀਂ, ਇੱਕ ਮਿੱਟੀ ਸਿਹਤ ਕਾਰਡ ਤਿਆਰ ਕੀਤਾ ਜਾਂਦਾ ਹੈ, ਜੋ ਢੁਕਵੀਂ ਖਾਦ ਯੋਜਨਾ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਜ਼ਿਆਦਾ ਵਰਤੋਂ ਜਾਂ ਘਾਟ ਨੂੰ ਰੋਕਦਾ ਹੈ। ਕਿਸਾਨਾਂ ਨੇ ਜਾਗਰੂਕਤਾ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ - ਉਨ੍ਹਾਂ ਨੇ ਆਪਣੀਆਂ ਖੇਤੀਬਾੜੀ ਸਮੱਸਿਆਵਾਂ ਅਤੇ ਮਿੱਟੀ ਨਾਲ ਸਬੰਧਤ ਚਿੰਤਾਵਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਨੂੰ ਵਿਗਿਆਨੀਆਂ ਨੇ ਤੁਰੰਤ ਸੁਝਾਵਾਂ ਦੇ ਰੂਪ ਵਿੱਚ ਹੱਲ ਕੀਤਾ।

# ਡਿਪਟੀ ਕਮਿਸ਼ਨਰ ਨੇ ਸਮਾਣਾ ਹਾਦਸੇ ਦੇ ਪੀੜਤ ਮਾਪਿਆਂ ਨਾਲ ਬਿਤਾਏ ਭਾਵਨਾਤਮਕ ਪਲ

## ਡਾ. ਪ੍ਰੀਤੀ ਯਾਦਵ ਨੇ ਮਾਪਿਆਂ ਨੂੰ ਨਿੱਜੀ ਨੰਬਰ ਦਿੰਦਿਆਂ ਕਿਹਾ, ਮਾਪਿਆਂ ਦੀ ਸੇਵਾ ਵਿੱਚ ਸਦਾ ਹਾਜ਼ਰ ਰਹਿਣਗੇ

**ਪਟਿਆਲਾ/ਸਮਾਣਾ - (ਅਮਨ ਸਿੱਧੂ ਮੱਲੇਵਾਲ)** : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਦੁਪਹਿਰ ਤੋਂ ਸ਼ਾਮ ਤੱਕ ਦਾ ਸਮਾਂ ਸਮਾਣਾ ਸੜਕ ਹਾਦਸੇ ਦੇ ਪੀੜਤ ਪਰਿਵਾਰਾਂ ਨਾਲ ਭਾਵੁਕ ਸਾਂਝ ਪਾਉਂਦਿਆਂ ਬਿਤਾਇਆ ਅਤੇ ਮਾਪਿਆਂ, ਖਾਸ ਕਰਕੇ ਆਪਣੀ ਜਾਨ ਗੁਆਉਣ ਵਾਲੇ ਬੱਚਿਆਂ ਦੀਆਂ ਮਾਵਾਂ ਨਾਲ ਹਮਦਰਦੀ ਪ੍ਰਗਟਾਈ। ਇਸ ਦੌਰਾਨ ਮਾਪਿਆਂ ਨੇ ਆਪਣੇ ਬੱਚਿਆਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਬੱਚਿਆਂ ਵੱਲੋਂ ਸੰਜੋਏ ਸੁਪਨਿਆਂ ਬਾਰੇ ਦੱਸਿਆ, ਜਿਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਅਰਦਾਸ ਕਰਦੇ ਹਨ ਕਿ ਪਰਮਾਤਮਾ ਅਜਿਹਾ ਦੁੱਖ ਕਿਸੇ ਮਾਂ ਨੂੰ ਨਾ ਦੇਵੇ ਤੇ ਦੁਖੀ ਪਰਿਵਾਰਿਕ ਮੈਂਬਰਾਂ ਨੂੰ ਇਸ ਪਹਾੜ ਜਿੱਡੇ ਭਾਣੇ ਨੂੰ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਉਨ੍ਹਾਂ ਦੇ ਨਾਲ ਏਡੀਸੀ ਇਸ਼ਾ ਸਿੰਗਲ ਅਤੇ ਐਸਡੀਐਮ ਸਮਾਣਾ ਰਿਚਾ ਗੋਇਲ ਵੀ ਮੌਜੂਦ ਸਨ। ਡਾ. ਪ੍ਰੀਤੀ ਯਾਦਵ ਨੇ ਮਾਪਿਆਂ ਨੂੰ ਆਪਣਾ ਨਿੱਜੀ ਨੰਬਰ ਦਿੰਦਿਆਂ ਕਿਹਾ ਕਿ ਉਹ ਕਿਸੇ ਵੀ ਸਮੇਂ ਉਨ੍ਹਾਂ ਨੂੰ ਸੰਪਰਕ ਕਰ ਸਕਦੇ ਹਨ ਅਤੇ ਉਹ ਸਦਾ ਸਾਰੇ ਮਾਪਿਆਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਜਿਸ ਤਰ੍ਹਾਂ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਹਨ, ਉਸ ਅਨੁਸਾਰ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਬੱਚਿਆਂ ਦੀਆਂ ਮਾਵਾਂ ਨੇ ਬੀਤੇ ਦਿਨ ਦੀ ਗਲਤਫਹਿਮੀ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦਾ ਉਚੇਚਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਦਖਲ ਨਾਲ 24 ਘੰਟਿਆਂ ਦੇ ਅੰਦਰ ਹੀ ਮੁੱਖ ਮੰਤਰੀ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ।



## ਦੁਸ਼ਮਣ ਜੋ ਹਰ ਸਾਲ ਆਪਣੀਆਂ ਅਖਬਾਰਾਂ ਅੰਦਰ ਸਿੱਖਾਂ ਦਾ ਜਲੂਸ ਕੱਢਦਾ ਫਿਰਦਾ ਸੀ ਇਸ ਵਾਰ ਸੋਚੀ ਪੈ ਗਿਆ

ਮਿਸਲਾਂ ਵੇਲੇ ਤੇ ਅਜ ਵਾਲੇ ਸਿੱਖਾਂ ਅੰਦਰ ਜੇ ਅੰਤਰ ਆਇਆ ਤਾਂ ਸਿਰਫ ਸਮੇਂ ਦਾ ਬਾਕੀ ਸਿੱਖੀ ਉਸ ਵਕਤ ਤੋਂ ਲੈ ਕੇ ਹੁਣ ਤਕ ਉਸੇ ਜੋਸ਼ ਨਾਲ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਜੀ ਦੀ ਛੱਤਰ ਛਾਇਆ ਹੇਠ ਵਧ ਫੁਲ ਰਹੀ ਹੈ। ਬੇਸ਼ੱਕ ਉਸ ਵਕਤ ਵੀ ਸਿੱਖਾਂ ਦੇ ਆਪਸੀ ਬਹੁਤ ਵਖਰੇਵੇਂ ਰਹੇ ਤੇ ਇਹ ਇਕ ਦੂਜੇ ਨਾਲ ਕਈ ਵਾਰ ਲੜੇ ਕਈ ਵਾਰ ਫਿਰ ਤੋਂ ਇਕੱਠੇ ਹੋਏ ਪਰ ਜਦੋਂ ਗੱਲ ਬਾਹਰੀ ਦੁਸ਼ਮਣ ਦੀ ਆਉਂਦੀ ਤਾਂ ਇਹਨਾਂ ਨੂੰ ਇਉਂ ਵੇਖਿਆ ਗਿਆ ਜਿਵੇਂ ਇਹਨਾਂ ਵਿਚ ਤੇ ਕਦੇ ਵਖਰੇਵਾਂ ਹੋਇਆ ਨਹੀਂ ਸੀ। ਬਿਨਾਂ ਕਿਸੇ ਬੁਲਾਵੇ ਦੇ ਆਪ ਮੁਹਾਰੇ ਜਾ ਦੁਸ਼ਮਣ ਦੇ ਸਾਹਮਣੇ ਖੜਦੇ ਤੇ ਦੁਸ਼ਮਣ ਜੋ ਮਿੱਥ ਕੇ ਆਇਆ ਹੁੰਦਾ ਸੀ ਕਿ ਇਸ ਵਾਰ ਦੁਫਾੜ ਹੋਇਆਂ ਨੂੰ ਖਤਮ ਕਰਕੇ ਹੀ ਰਾਤ ਦੀ ਰੋਟੀ ਖਾਣੀ ਉਸਦੀ ਕਿਸਮਤ ਵਿਚੋਂ ਫੇਰ ਸਦਾ ਲਈ ਪ੍ਰਸ਼ਾਦਾ ਖਤਮ ਹੋ ਜਾਂਦਾ।

ਇਹੋ ਜਿਹਾ ਵਰਤਾਰਾ ਹੀ ਕੁਝ ਇਸ ਵਾਰ ਘੱਲੂਘਾਰੇ ਦੀ ?? ਵੀ ਵਰ੍ਹੇਗੰਢ ਮੌਕੇ ਦੇਖਣ ਨੂੰ ਮਿਲਿਆ। ਦੁਸ਼ਮਣ ਕਈ ਵਰ੍ ?ਆਂ ਦਾ ਸਾਡੇ ਅੰਦਰ ਪਾੜ ਪਾ ਰਿਹਾ ਸੀ। ਬਹੁਤ ਵਾਰੀ ਇਕ ਦੂਜੇ ਦੀਆਂ ਪੱਗਾਂ ਗੁਰੂ ਕੀ ਹਜੂਰੀ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਉਪਰ ਵੀ ਲਾਹੀਆਂ। ਪਰ ਐਤਕੀਂ ਜਿਉਂ ਸਾਡੀ ਨੋਜਵਾਨੀ ਤੇ ਐਨ.ਐਸ.ਏ ਤੀਜੇ ਸਾਲ ਚ ਵਧੀ ਸੁਹਿਰਦ ਸਿੱਖਾਂ(ਜਥੇਬੰਦੀਆਂ ਦੇ ਮੁਖੀਆਂ) ਨੇ ਭਾਂਪ ਲਿਆ ਕਿ ਦੁਸ਼ਮਣ ਜੋ ਬੜੀ ਸੁਖਮਤਾ ਨਾਲ ਸਿੱਖਾਂ ਨੂੰ ਆਪਸ ਵਿਚ ਲੜਾ ਕੇ ਸਾਡੀ ਨੌਜਵਾਨੀ ਦਾ ਘਾਣ ਕਰਦਾ ਆ ਰਿਹਾ ਸੀ ਉਸ ਦੇ ਸਾਹਮਣੇ ਇਸ ਵਾਰ ਹਿੱਕ ਡਾਹ ਕੇ ਖੜਨਾ। ਦਮਦਮੀ ਟਕਸਾਲ ਸਮੇਤ ਨਿਹੰਗ ਸਿੰਘ ਜਥੇਬੰਦੀਆਂ ਤੇ ਹੋਰ ਸੰਪਰਦਾਵਾਂ ਨੇ ਜਦੋ ਨਿਰਣਾ ਕੀਤਾ ਕਿ ਇਸ ਵਾਰ ਸੰਦੇਸ਼ ਸਰਕਾਰ ਵੱਲੋਂ ਥਾਪੇ ਜਥੇਦਾਰ ਨੂੰ ਨਹੀਂ ਦੇਣ ਦੇਣਾ ਤਾਂ ਭਾਈ ਕੁਲਦੀਪ ਸਿੰਘ ਗੜਗੱਜ ਆਪ ਮੁਹਾਰਿਓਂ ਬੋਲ ਉਠਿਆ ਖਾਲਸਾ ਜੀ ਬੇਸ਼ੱਕ ਜਥੇਦਾਰ ਥਾਪਿਆ ਉਹਨਾਂ ਨੇ ( ਕਿਉਂ ਕਿ ਜਦੋਂ ਹੁਣ ਸੰਸਥਾ ਦਾ ਚਲਣ ਹੀ ਉਸ ਤਰੀਕੇ ਚਲਦਾ ਫਿਰ ਜਥੇਦਾਰ ਸਰਬੱਤ ਖਾਲਸਾ ਨਾਲ ਕਿਵੇਂ ਸਾਜ ਦੇਓਗੇ) ਪਰ ਇਹ ਜਥੇਦਾਰ ਸਰਕਾਰੀ ਨਹੀਂ ਬਲਕਿ ਅਹੁੱਦਾ ਸਰਕਾਰੀ ਬਣ ਗਿਆ। ਜਥੇਦਾਰ ਤੁਹਾਡਾ ਆਪਣਾ ਹੀ ਹੈ ਪਰ ਹਾਂ ਇਹ ਵੀ ਸਹੀ ਕਿ ਜੇ ਜਥੇਦਾਰ ਸੰਦੇਸ਼ ਦਿੰਦਾ ਤਾਂ ਉਸ ਧਿਰ ਦੀ ਜਿੱਤ ਮੰਨੀ ਜਾਏਗੀ। ਤੁਹਾਡਾ ਆਪਣਾ ਜਥੇਦਾਰ ਤੁਹਾਡੇ ਆਦੇਸ਼ ਪੁਰ ਸ਼ੰਦੇਸ਼ ਨਹੀਂ ਪੜੇਗਾ। ਜਿਥੇ ਜਥੇਬੰਦੀਆਂ ਦੀ ਸਾਂਝੀ ਇਕੱਤਰਤਾ ਨੇ ਸਿੱਖਾਂ ਦੇ ਆਪਸੀ ਪਿਆਰ ਦਾ ਸਬੂਤ ਦਿੱਤਾ। ਉਥੇ ਹੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਵੀ ਖਾਲਸੇ ਪੰਥ ਦਾ ਸਪੂਤ ਹੋਣ ਦਾ ਫਰਜ ਨਿਭਾਇਆ ਤੇ ਦੁਸ਼ਮਣ ਜੋ ਹਰ ਸਾਲ ਆਪਣੀਆਂ ਅਖਬਾਰਾਂ ਅੰਦਰ ਸਿੱਖਾਂ ਦਾ ਜਲੂਸ ਕੱਢਦਾ ਫਿਰਦਾ ਸੀ ਇਸ ਵਾਰ ਸੋਚੀ ਪੈ ਗਿਆ ਕਿ ਸਾਰੇ ਸਿੱਖ ਵੀ ਗੱਦਾਰ ਨਹੀਂ ਹੁੰਦੇ ਕਈ ਵਾਰ ਅਵੇਸਲੇ ਜਰੂਰ ਹੋ ਜਾਂਦੇ ਹਨ।

ਮੈਂ ਧੰਨਵਾਦ ਕਰਦਾਂ ਸਾਰੀਆਂ ਜਥੇਬੰਦੀਆਂ ਦਾ ਜਿਹਨਾਂ ਨੇ ਆਪਸੀ ਸੂਝ ਬੂਝ ਨਾਲ ਕਿਸੇ ਵੀ ਟਕਰਾਅ ਨੂੰ ਹੋਣੋ ਬਚਾਇਆ। ਤੇ ਖਾਸ ਰਿਣੀ ਹਾਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਜੀ ਦਾ ਜਿਹਨਾਂ ਨੇ ਗੁਰੂ ਖਾਲਸੇ ਪੰਥ ਦਾ ਹੁਕਮ ਪ੍ਰਵਾਨ ਕਰਦੇ ਹੋਏ ਜਥੇਦਾਰ ਨਹੀਂ ਬਲਕਿ ਪੰਥ ਦਾ ਅਰਦਾਸੀਆ ਬਣ ਅਰਦਾਸ ਕਰਕੇ ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਗੁਰੂ ਸਾਹਿਬ ਕੋਲੋਂ ਮੰਗਿਆ। ਹੁਣ ਜਿਥੇ ਬਿਪਰ ਨੂੰ ਸੱਤੇ ਕੱਪੜੇ ਅਗ ਲੱਗੀ ਹੈ ਉਥੇ ਹੀ ਹੁਣ ਬਿਪਰ ਦਾ ਕੋਲੀ ਚੱਟ ਸਿੱਖ ਵੀ ਆਪਣੇ ਆਕਾ ਨੂੰ ਖੁਸ਼ ਕਰਨ ਲਈ ਪੰਥ ਅੰਦਰ ਪਾੜਾ ਪਾਉਣ ਦਾ ਕੰਮ ਹੋਰ ਜੋਰ ਸ਼ੋਰ ਨਾਲ ਕਰ ਰਿਹਾ। ਉਹ ਲੋਕ ਹੁਣ ਜਥੇਦਾਰ ਸਾਹਿਬ ਜੀ ਨੂੰ ਵੀ ਭੰਡਣ ਤੋਂ ਗੁਰੇਜ ਨਹੀਂ ਕਰ ਰਹੇ। ਸਾਰੇ ਆਗੂ ਸਾਹਿਬਾਨਾਂ ਦੇ ਚਰਨਾਂ ਚ ਇਕ ਬੇਨਤੀ ਹੁਣ ਇਹ ਹੈ ਕਿ ਜਿਸ ਤਰ੍ਹਾਂ ਤੁਸੀਂ ? ਜੂਨ ਨੂੰ ਆਪਸੀ ਸਾਂਝ ਦਾ ਸਬੂਤ ਦਿੱਤਾ ਅੱਗੇ ਵੀ ਇਹ ਇਕੱਤਰਤਾ ਬਰਕਰਾਰ ਰੱਖ ਕੇ ਦੁਸਮਣ ਨੂੰ ਹੋਰ ਜਿਆਦਾ ਘੁਸਪੈਠ ਕਰਨ ਤੋਂ ਰੋਕ ਰੱਖਣਾ ਚਾਹੀਦਾ। ਵਰਨਾ ਇਸ ਵਾਰ ਸੰਭਾਵਨਾ ਇਹ ਹੈ ਕਿ ਬਿਪਰ ਇਸ ਵਾਰ ਅਜੇਹਾ ਵਾਰ ਕਰੇਗਾ ਜਿਸਦਾ ਜਖਮ ਬਹੁਤ ਡੂੰਘਾ ਹੋਵੇਗਾ। ਤੇ ਜਥੇਦਾਰ ਸਾਹਿਬ ਦੇ ਚਰਨਾ ਚ ਵੀ ਬੇਨਤੀ ਹੈ ਕਿ ਜਿਸ ਤਰ੍ਹਾਂ ਮੀਡੀਆ ਵਿਚ ਖਬਰਾਂ ਚਲ ਰਹੀਆਂ ਹਨ ਕਿ ਤੁਸੀਂ ਆਪਣਾ ਅਸਤੀਫਾ ਦੇਣ ਜਾ ਰਹੇ ਹੋ। ਤੁਹਾਨੂੰ ਸਗੋਂ ਅਸਤੀਫਾ ਦੇਣ ਦੀ ਬਜਾਏ। ਸਾਰੀਆਂ ਜਥੇਬੰਦੀਆਂ ਨਾਲ ਮਿਲਕੇ ਜਿਹਨਾਂ ਨੇ ਗਲਤ ਤਰੀਕੇ ਜਥੇਦਾਰ ਥਾਪ ਕੇ ਤੁਹਾਡੀ ਸਾਖ ਨੂੰ ਮਿੱਟੀ ਚ ਮਿਲਾਉਣ ਦਾ ਯਤਨ ਕੀਤਾ ਉਹਨਾਂ ਦੇ ਖਿਲਾਫ ਆਪਣੇ ਜਥੇਦਾਰੀ ਪਦ ਦੀ ਵਰਤੋਂ ਕਰਕੇ ਅੱਗੇ ਤੋਂ ਜਥੇਦਾਰ ਲਾਉਣ ਤੇ ਲਾਹੁਣ ਵਾਲੀ ਵਿਧੀ ਨੂੰ ਸਹੀ ਕਰਵਾਉਣ ਦੇ ਨਾਲ ਨਾਲ ਪੰਥ ਅੰਦਰਲੇ ਜੋ ਵੀ ਕਾਰਜ ਕਈ ਸਮੇਂ ਤੋਂ ਅੜੇ ਹਨ ਉਹਨਾਂ ਨੂੰ ਹੱਲ ਕਰਨ ਵੱਲ ਵਧਣਾ ਚਾਹੀਦਾ। ਤੇ ਜਥੇਬੰਦੀਆਂ ਦੇ ਚਰਨਾਂ ਚ ਵੀ ਬੇਨਤੀ ਹੈ ਕਿ ਹਰੇਕ ਨੇਕ ਕਾਰਜ ਵਿੱਚ ਖਾਲਸੇ ਪੰਥ ਦੇ ਸਪੂਤ ਭਾਈ ਕੁਲਦੀਪ ਸਿੰਘ ਗੜਗੱਜ ਦਾ ਸਾਥ ਦੇ ਕੇ ਉਹਨਾਂ ਦੀ ਤਾਕਤ ਨੂੰ ਹੋਰ ਵਧਾਈਏ।

**ਗੁਰੂ ਪੰਥ ਕਾ ਦਾਸ**
**ਮਨਜੀਤ ਸਿੰਘ ਭੋਗਲ**

# ...ਤੇ ਜਦੋ ਅਸੀ ਫੜੇ ਗਏ

ਗੱਲ ਉੱਨੀ ਸੌ ਨੱਬੇ ਬੰਨਵੇ ਦੀ ਹੈ ।ਉਦੋਂ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਐਮਏ ਕਰ ਰਿਹਾ ਸੀ ।ਸੂਬੇ ਦੇ ਹਾਲਾਤ ਸਹੀ ਨਾ ਹੋਣ ਕਰਕੇ ਯੂਨੀਵਰਸਿਟੀ ਚ ਅਕਸਰ ਹੜਤਾਲ ਰਹਿੰਦੀ ਸੀ ।ਜਿਸ ਕਰਕੇ ਸਾਡੇ ਆਖਰੀ ਸਮੈਸਟਰ ਦੇ ਪੇਪਰ ਲੇਟ ਹੋ ਗਏ। ਪਰ ਉਧਰ ਬੀ ਐਡ ਚ ਦਾਖਲਾ ਸ਼ੁਰੂ ਹੋ ਕੇ ਕਲਾਸਾਂ ਸ਼ੁਰੂ ਹੋ ਗਈਆਂ ਸੀ ।ਸਟੱਡੀ ਦੇ ਨਾਲ ਨਾਲ ਦੂਜੀਆਂ ਗਤੀਵਿਧੀਆਂ ਵੀ ਆਰੰਭ ਹੋ ਚੁੱਕੀਆਂ ਸਨ ।ਜੱਸੀ ਜਸਪਾਲ ਤੇ ਕੇਸਰ ਮਾਣਕੀ ਜੋ ਦੋਂਵੇ ਮੇਰੇ ਨਾਲ ਬੀ ਐਡ ਕਰਦੇ ਸਨ,ਗਾਣੇ ਵਗੈਰਾ ਗਾ ਲਿਆ ਕਰਦੇ ਸਨ ।ਹਾਰਮੋਨੀਅਮ ਵੀ ਦੋਂਵਾਂ ਨੂੰ ਵਜਾਉਣਾ ਆਉਂਦਾ ਸੀ ।ਪਰ ਕੇਸਰ ਮਾਣਕੀ ਚ ਕਾਨਫੀਡੈਂਸ ਦੀ ਥੋੜ੍ਹੀ ਘਾਟ ਸੀ ।ਜਦ ਕੇ ਜੱਸੀ ਯੂਨੀਵਰਸਿਟੀ ਚ ਪੜ੍ਹਦਾ ਹੋਣ ਕਰਕੇ ਥੋੜਾ ਆਤਮਵਿਸ਼ਵਾਸ਼ ਚ ਰਹਿੰਦਾ ਸੀ।

ਇਕ ਵਾਰ ਕਾਲਜ ਚ ਸੱਭਿਆਚਾਰਕ ਗਤੀਵਿਧੀਆਂ ਦਾ ਨਿੱਕਾ ਜਿਹਾ ਪ੍ਰੋਗਰਾਮ ਸੀ ।ਜਿਸ ਵਿੱਚ ਜੱਸੀ ਜਸਪਾਲ ਨੇ ਗਾਉਣਾ ਸੀ ਤੇ ਕੇਸਰ ਨੇ ਉਸ ਨਾਲ ਹਾਰਮੋਨੀਅਮ ਵਜਾਉਣਾ ਸੀ ।ਪਰ ਜਦੋ ਜੱਸੀ ਗਾਉਣ ਲ ?ਈ ਸਟੇਜ ਤੇ ਗਿਆ ਤਾ ਕੇਸਰ ਕਿਧਰੇ ਨਜ਼ਰ ਨਾ ਆਇਆ ।ਸਟੇਜ ਸੈਕਟਰੀ ਵੱਲੋਂ ਵਾਰ ਵਾਰ ਅਨਾਊਂਸਮੈਂਟ ਕੀਤੀ ਜਾ ਰਹੀ ਸੀ ਕੇ ਕੇਸਰ ਮਾਣਕੀ ਜਿੱਥੇ ਵੀ ਹੈ ਉਹ ਸਟੇਜ ਤੇ ਆਵੇ ।ਪਰ ਕੇਸਰ ਤਾਂ ਜਿੱਦਾਂ ਛੂਮੰਤਰ ਹੀ ਹੋ ਗਿਆ ਹੋਵੇ ।ਸਾਰੇ ਹੱਕੇ ਬੱਕੇ ਰਹਿ ਗਏ ।ਵਿਦਿਆਰਥੀ ਕਹਿਣ ਕੇ ਹੁਣੇ ਤਾ ਇਥੇ ਸੀ ।ਕਿੱਧਰ ਚਲਾ ਗਿਆ ? ਸਾਰਾ ਕਾਲਜ ਛਾਣ ਮਾਰਿਆ ।ਪਰ ਕੇਸਰ ਕਿਧਰੇ ਨਾ ਮਿਲਿਆ ।ਚਲੋ ।ਖ਼ੈਰ ਜੱਸੀ ਨੇ ਗੀਤ ਗਾ ਦਿੱਤਾ ।ਪ੍ਰੋਗਰਾਮ ਖ਼ਤਮ ਹੋਣ ਤੇ ਜਦੋ ਸਾਰੇ ਹਾਲ ਚੋ ਬਾਹਰ ਆ ਰਹੇ ਸਨ ਤਾ ਸਾਹਮਣੇ ਕੇਸਰ ਤੁਰਿਆ ਅਵੇ ।ਸਾਰੇ ਉਸ ਨੂੰ ਪੁੱਛਣ ਲੱਗੇ ਕੇ ਕੇਸਰ ਕਿੱਥੇ ਸੀ ਤੂੰ ?

ਪਰ ਉਹ ਟਲਮਟੋਲ ਕਰ ਗਿਆ ਤੇ ਉਸ ਨੂੰ ਜਿਆਦਾ ਪੁੱਛਣਾ ਕਿਸੇ ਨੇ ਵਾਜਬ ਵੀ ਨਹੀਂ ਸਮਝਿਆ ।ਬਾਕੀ ਅਸਲ ਚ ਉਸ ਵੇਲੇ ਕੇਸਰ ਕਿਉਂ ਗਾਇਬ ਹੋਇਆ ?ਉਸਦੀ ਵਜਾ ਮੈਨੂੰ ਪਤਾ ਸੀ ਜਾ ਫੇਰ ਕੇਸਰ ਨੂੰ ।ਪਰ ਮੈਂ ਕਿਸੇ ਨੂੰ ਦੱਸੀ ਨਹੀਂ ।ਜਦ ਕੇ ਕੇਸਰ ਖ਼ੁਦ ਦਸ ਨਹੀਂ ਸਕਦਾ ਸੀ ।ਕੇਸਰ ਵਲੋਂ ਗਾਇਬ ਹੋਣ ਵਲੀ ਗੱਲ ਅੱਜ ਵੀ ਜਦ ਮੇਰੇ ਜਾਹਿਨ ਚ ਆਉਂਦੀ ਹੈ ਤਾਂ ਬੀਤੇ ਪਲਾ ਦੀਆਂ ਯਾਦਾਂ ਨੂੰ ਮੁੜ ਤਾਜਾ ਕਰ ਜਾਂਦੀ ਹੈ ।

ਦੂਜੀ ਗੱਲ ਕਰਾ ਤਾ ਕਾਲਜ ਚ ਵਿਦਿਆਰਥੀ ਚੋਣ ਸੀ ਤਾਂ ਜੋ ਵਿਦਿਆਰਥੀ ਮੁਸ਼ਕਲਾਂ ਨੂੰ ਕਾਲਜ ਪ੍ਰਸ਼ਾਸਨ ਕੋਲ ਰੱਖ ਕੇ ਹੱਲ ਕਰਵਾਇਆ ਜਾ ਸਕੇ ।ਸਾਡੇ ਚੋ ਕੁਝ ਸਾਥੀ ਵਿਦਿਆਰਥੀ ਯੂਨੀਵਰਸਿਟੀ ਤੋ ਆਏ ਸਨ ।ਜੋ ਤਜ਼ਰਬੇਕਾਰ ਸਨ ।ਏਨਾ ਚੋ ਇਕ ਸੀ ਸ਼ਹਿਣੇ ਤੋ ਸੁਖਦਰਸ਼ਨ ਸਿੰਘ ਨਾਜ਼ੀ ।ਜੋ ਯੂਨੀ ਤੋ ਐਮਐਸਸੀ ਕਰਕੇ ਆਇਆ ਸੀ ।ਉਸ ਨੇ ਸਾਡੇ ਕੁਝ ਸਾਥੀਆਂ ਜਿੰਨਾ ਚ ਕੁਲਦੀਪ ਰਾਜੇਵਾਲ,ਬਲਵੰਤ ਸਿੰਘ,ਜੱਸੀ ਜਸਪਾਲ, ਸੱਦੀ ਤੇ ਗੁਰਦਾਸਪੁਰੀਆ ਹਰਜੀਤ ਥਿੰਦ ਜੋ ਅੱਜ ਕੱਲ੍ਹ ਕੈਨੇਡਾ ਸੈਟਲ ਹੈ ਤੇ ਇਕ ਦੋ ਬੈਚਮੈਟ ਲੜਕੀਆਂ ਨਾਲ ਗੱਲ ਕਰਕੇ ਕਾਲਜ ਦਾ ਪ੍ਰਧਾਨ ਬਣਾਉਣ ਬਾਰੇ ਰਾਏ ਲਈ,ਅਸੀ ਹਾਮੀ ਭਰ ਦਿਤੀ ।

ਚਲੋ ਜੀ ਉਸ ਨੇ ਰਿਸੈਸ ਚ ਸਾਰੇ ਵਿਦਿਆਰਥੀਆਂ ਨੂੰ ਪਾਰਕ ਚ ਬੁਲਾ ਕੇ ਚੋਣ ਕੀਤੇ ਜਾਣ ਬਾਰੇ ਨੋਟਿਸ ਬੋਰਡ ਤੇ ਨੋਟਿਸ ਲਾ



**ਅਜੀਤ ਖੰਨਾ**

ਦਿੱਤਾ ।ਨੋਟਿਸ ਪੜ੍ਹ ਕੇ ਸਾਰੇ ਵਿਦਿਆਰਥੀ ਰਿਸੈਸ ਚ ਕਾਲਜ ਦੀ ਪਾਰਕ ਚ ਪੁੱਜ ਗਏ ।ਨਾਜ਼ੀ ਨੇ ਖੜੇ ਹੋ ਕੇ ਚੋਣ ਬਾਰੇ ਗੱਲ ਸ਼ੁਰੂ ਕੀਤੀ ਤੇ ਕਿਹਾ ਕੇ ਆਪਾ ਨੂੰ ਆਪਣੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਯੂਨੀਅਨ ਬਣਾ ਕੇ ਇਕ ਪ੍ਰਧਾਨ ਤੇ ਜਨਰਲ ਸੈਕਟਰੀ ਸਮੇਤ ਬਾਕੀ ਮੈਂਬਰਾਂ ਦੀ ਚੋਣ ਕਰਨੀ ਹੈ ।ਸਭ ਨੇ ਹਾਮੀ ਭਰ ਦਿੱਤੀ ।ਪਰ ਉਸ ਵਕਤ ਸਾਰੇ ਹੈਰਾਨ ਰਹਿ ਗਏ ।ਜਦੋ ਨਾਜ਼ੀ ਨੇ ਕਿਹਾ ਕੇ ਪ੍ਰਧਾਨ ਤਾਂ ਮੈਂ ਹਾਂ ਹੀ ! ਬਾਕੀ ਮੈਬਰ ਤੁਸੀਂ ਚੁਣ ਲਵੋ ।ਅਸੀ ਸਾਰੇ ਉਸ ਦੇ ਮੂੰਹ ਵਾਲ ਵੇਖਦੇ ਹੱਕੇ ਬੱਕੇ ਰਹਿ ਗਏ ।ਕਿਉਂਕਿ ਨਾਂ ਤਾਂ ਅਸੀ ਉਸ ਨੂੰ ਕੁਝ ਕਹਿਣ ਜੋਗੇ ਸਾਂ ਤੇ ਨਾ ਕੁਝ ਹੋਰ ।ਜਿਸ ਲਈ ਸਾਨੂੰ ਉਸ ਨੂੰ ਪ੍ਰਧਾਨ ਮੰਨਣਾ ਹੀ ਪਿਆ ।ਹੁਣ ਵੀ ਨਾਜ਼ੀ ਦੇ ਆਪੂ ਬਣੇ ਪ੍ਰਧਾਨ ਵਾਲੀ ਗੱਲ ਜਦੋ ਕਿਤੇ ਚੇਤੇ ਆਉਂਦੀ ਹੈ ਤਾਂ ਮੇਰਾ ਹਾਸਾ ਨਿਕਲ ਆਉਂਦਾ ਹੈ ਤੇ ਨਾਲ ਹੀ ਕਾਲਜ ਦੇ ਬੀਤੇ ਪਲਾਂ ਦੀ ਯਾਦ ਵੀ ਤਾਜਾ ਹੋ ਜਾਂਦੀ ਹੈ ।

ਇਕ ਹੋਰ ਤੀਜੀ ਘਟਨਾ ਜੋ ਮੈਂ ਕਦੇ ਨਹੀਂ ਭੁੱਲ ਸਕਦਾ ।ਉਸ ਨੂੰ ਯਾਦ ਕਰਕੇ ਮੇਰਾ ਹੁਣ ਵੀ ਇਕੱਲੇ ਬੈਠੇ ਦਾ ਮਲੋਮਲੀ ਹਾਸਾ ਨਿਕਲ ਆਉਂਦਾ ਹੈ ।ਗੱਲ ਇੰਝ ਹੋਈ ।

ਸਲਾਨਾ ਇਮਤਿਹਾਨ ਸ਼ੁਰੂ ਹੋਏ ।ਯੂਨੀਵਰਸਿਟੀ ਚ ਸਟੱਡੀ ਕੀਤੇ ਹੋਣ ਅਤੇ ਵਿਦਿਆਰਥੀ ਯੂਨੀਅਨ ਚ ਵੱਖ ਵੱਖ ਅਹੁਦਿਆਂ ਤੇ ਕੰਮ ਕਰਨ ਕਰਕੇ ਕਾਲਜ ਦੇ ਬਾਕੀ ਵਿਦਿਆਰਥੀਆਂ ਨਾਲੋ ਅਸੀ ਆਪਣੇ ਟੀਚਰਜ਼ ਨਾਲ ਥੋੜਾ ਜਿਆਦਾ ਫਰੈਕ ਹੁੰਦੇ ਸਾਂ ।ਜਿਸ ਕਰਕੇ ਕਲਾਸ ਵਗੈਰਾ ਘਟ ਹੀ ਲਾਉਂਦੇ ।ਕਾਰਣ ਇਹ ਸੀ ਕੇ ਅਸੀ ਯੂਨੀ ਦੇ ਹੋਸਟਲ ਵਿਚ ਰਹਿੰਦੇ ਸੀ ।ਹਰ ਰੋਜ਼ ਉਥੋਂ ਹੀ ਸਟੇਟ ਕਾਲਜ ਕਲਾਸਾਂ ਲਾਉਣ ਆਇਆ ਕਰਦੇ ਸਾਂ।

ਜਿਸ ਕਰਕੇ ਕਈ ਵਾਰ ਕਲਾਸ ਮਿਸ ਹੋ ਜਾਇਆ ਕਰਦੀ ।ਟੀਚਿੰਗ ਸਬਜੈਕਟ ਤੋ ਇਲਾਵਾ ਇਕ ਵਿਸ਼ਾ ਵੁਡ ਵਰਕ ਦਾ ਹੋਇਆ ਕਰਦਾ ਸੀ ।ਜਿਸ ਦਾ ਸਾਨੂੰ ਪਹਿਲਾਂ ਪਹਿਲ ਇੱਲ ਦਾ ਨਾ ਕੁੱਕੜ ਵੀ ਨਹੀਂ ਆਉਂਦਾ ਸੀ ।ਪਰ ਉਸ ਨੂੰ ਜੋ ਟੀਚਰ ਟੀਚ ਕਰਦੇ ਸਨ ।ਉਹ ਸਨ ਸਰਦਾਰ ਪੂਰਨ ਸਿੰਘ।

ਜੋ ਬਹੁਤ ਸਾਊ ਸੁਭਾਅ ਦੇ ਸਨ ।ਪਰ ਉਹਨਾਂ ਦੇ ਚੰਗੇ ਸੁਭਾਅ ਕਰਕੇ ਅਸੀ ਕਦੇ ਨਾ ਕਦੇ ਕਲਾਸ ਲਾ ਲਿਆ ਕਰਨੀ ।ਜਿਸ ਕਰਕੇ ਸਾਨੂੰ ਉਸ ਸਬਜੈਕਟ ਬਾਰੇ ਕੁਝ ਨੋਲਜ਼ ਹੋ ਗਈ ।ਵੈਸੇ ਸਬਜੈਕਟ ਜਿਆਦਾ ਔਖਾ ਵੀ ਨਹੀਂ ਸੀ ।ਬਸ ਚੌੜ ਚੌੜ ਚ ਹੀ ਘਟ ਕਲਾਸ ਲਾਉਣੀ ।ਵੈਸੇ ਵੀ ਵੁੱਡ ਵਰਕ ਦੇ ਹਫ਼ਤੇ ਚ ਇਕ ਦੋ ਪੀਰੀਅਡ ਹੀ ਹੋਇਆ ਕਰਦੇ ਸਨ ।ਅਸੀ ਮਸਤੀ ਨਾਲ ਸਾਲ ਪੂਰਾ ਕੀਤਾ ।

ਚਲੋ ਜੀ ਪੇਪਰ ਸ਼ੁਰੂ ਹੋ ਗਿਆ ।ਮੈਂ ਤੇ ਮੇਰਾ ਦੋਸਤ ਬਲਵੰਤ ਸਿੰਘ ਜੋ ਅੱਜ ਸਾਡੇ ਵਿਚ ਨਹੀਂ ਹੈ ।ਅਸੀ ਆਸੇ ਪਾਸੇ ਵੇਖਿਆ ਤੇ ਹੋਲੀ ਦਿਨੇ ਦੋਂਵਾ ਨੇ ਕੁਰਸੀ ਥੱਲਿਓਂ ਦੀ ਮਲਕ ਦੇਣੇ ਵੁੱਡ ਵਰਕ ਦੀਆਂ ਬਣਾਈਆਂ 2 ਨੇਮ ਪਲੇਟਾਂ ਚੁੱਕੀਆਂ ਤੇ ਹੋਲੀ ਦੇਣੇ ਅੱਗਿਓਂ ਦੀ ਪ੍ਰੋਫੈਸਰ ਸਾਹਿਬ ਨੂੰ ਫੜਾ ਦਿਤੀਆਂ ।ਪਰ ਪਤਾ ਨਹੀਂ ਕਿੰਝ ਪ੍ਰੋਫੈਸਰ ਸਾਹਿਬ ਨੂੰ ਸ਼ੱਕ ਹੋ ਗਿਆ ਤੇ ਪੇਪਰ ਖ਼ਤਮ ਹੋਣ ਤੇ ਉਹਨਾਂ ਸਾਰੇ ਸਟੂਡੈਂਟ ਨੂੰ ਕਿਹਾ ਕੇ ਆਪਣੀ ਆਪਣੀਆਂ ਪਲੇਟ ਪਹਿਚਾਣ ਕੇ ਚੁੱਕੋ ।ਇਸ ਤਰਾ ਸਟੂਡੈਂਟ ਨੇ ਆਪਣੀ ਆਪਣੀ ਪਲੇਟ ਚੁੱਕ ਲਈ ।ਜਿਸ ਤੇ ਅਸੀ ਫੜੇ ਗਏ ।ਕਿਉਂ ਕੇ ਅਸੀ ਤਾ ਕੋਈ ਪਲੇਟ ਬਣਾਈ ਹੀ ਨਹੀਂ ਸੀ ।ਨਿਕਲਣੀ ਕਿੱਥੋਂ ਸੀ।

ਪਰ ਪ੍ਰੋਫੈਸਰ ਪੂਰਨ ਸਿੰਘ ਸਊ ਸੁਭਾਅ ਦੇ ਸਾਨ ।ਉਹਨਾਂ ਸਭ ਕੁਝ ਪਤਾ ਹੋਣ ਦੇ ਬਾਵਜੂਦ ਸਾਨੂੰ ਕੁਝ ਨਾ ਕਿਹਾ ।ਪਰ ਏਨਾ ਕਹਿ ਦਿੱਤਾ ਕੇ ਨਵੀਆਂ ਪਲੈਟਸ ਬਣਾਉ ।ਸਾਨੂੰ ਬਹੁਤ ਸ਼ਰਮਿੰਦਗੀ ਹੋਈ ।ਪਰ ਹੁਣ ਜਦ ਕਦੇ ਉਹ ਫੜੇ ਜਾਣ ਵਾਲੀ ਗੱਲ ਯਾਦ ਆਉਂਦੀ ਹੈ ਤਾ ਆਪਣੇ ਆਪ ਤੇ ਹਾਸਾ ਵੀ ਆਉਂਦਾ ਹੈ ਤੇ ਬਚਕਾਨਪਣ ਵੀ ਯਾਦ ਆਉਂਦਾ ਹੈ ।ਏਨਾ ਖੱਟੀਆਂ ਮਿੱਠੀਆਂ ਯਾਦਾਂ ਨੂੰ ਯਾਦ ਕਰਕੇ ਮੈਨੂੰ ਹੁਣ ਵੀ ਆਪਣੀ ਉਸ ਗਲਤੀ ਦਾ ਅਹਿਸਾਸ ਹੁੰਦਾ ਹੈ ।

ਅੱਜ ਸਟੇਟ ਕਾਲਜ ਤੋਂ ਬੀ ਐਡ ਕੀਤਿਆ ਨੂੰ ਸਾਢੇ ਤਿੰਨ ਦਹਾਕੇ ਗੁਜ਼ਰ ਗਏ ਹਨ ।ਬਹੁਤ ਸਾਰੇ ਸਾਥੀ ਵਿਦੇਸ਼ੀ ਬੈਠੇ ਹਨ ਤੇ ਬਹੁਤ ਸਾਰੇ ਇਧਰ ਸੈੱਟ ਹੋ ਕੇ ਪਰਵਾਰਕ ਜ਼ਿੰਮੇਵਾਰੀਆਂ ਨਿਭਾ ਰਹੇ ਹਨ ।ਪਰ ਕਾਲਜ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਨੂੰ ਹੁਣ ਤੱਕ ਨਹੀਂ ਭੁੱਲੇ ।

## ਮੋਢਾ

## ਮਿੰਨੀ ਕਹਾਣੀ

ਦੁੱਖਾਂ ਭਰੀ ਜ਼ਿੰਦਗੀ ਗੁਜ਼ਾਰ ਧੰਨੀ ਮਾਂ ਅਖੀਰ ਰੱਬ ਨੂੰ ਪਿਆਰੀ ਹੋ ਗਈ। ਕਿੰਨੇ ਦੁੱਖ ਮੁਸੀਬਤਾਂ ਤੇ ਜ਼ਿੰਦਗੀ ਦੀਆਂ ਹੋਰ ਅਨੇਕਾਂ ਕਠਨਾਈਆਂ ਝੱਲ ਅਪਣੇ ਛੋਟੇ ਛੋਟੇ ਪੁੱਤਰ - ਧੀਆਂ ਨੂੰ ਪਾਲ ਪਲੋਸ ਵੱਡਿਆਂ ਕੀਤਾ । ਪਹਿਲੀ ਉਮਰੇ ਸਿਰ ਦੇ ਸਾਈਂ ਦਾ ਚਲੇ ਜਾਣਾ ਤੇ ਉਸ ਨੇ ਕਾਲਾ ਬੈਲ ਬਣ ਖੇਤ ਵਿਚ ਖੁਦ ਖੇਤੀਬਾੜੀ ਦਾ ਕੰਮ ਕਰਦੀ ਕਰਦੀ ਕਦੇ ਨਾ ਥੱਕਦੀ ਕਿ ਮੇਰੇ ਸਰਬਨ, ਦੀਪੇ ਹੁਰੀਂ ਜਵਾਨ ਹੋਏ ਕਿ ਹੋਏ। ਇਹਨਾਂ ਆਸਾਂ ਨਾਲ ਉਹ ਅਪਣੀ ਕੋਟੇ ਵਿਚ ਮਿਲੀ ਜ਼ਿੰਦਗੀ ਦੇ ਦਿਨ ਗੁਜ਼ਾਰਦੀ ਰਹੀ । ਖੇਤੀਬਾੜੀ ਦੇ ਕੰਮ ਵਿਚ ਬੜੀ ਮੁਸ਼ਕਿਲ ਨਾਲ ਸੱਤ ਜੀਆਂ ਦੇ ਟੱਬਰ ਦਾ ਮਸਾਂ ਢਿੱਡ ਭਰਦਾ ਸੀ। ਜ਼ਮੀਨ ਥੋੜ੍ਹੀ ਹੋਣ ਕਰਕੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੋ ਰਿਹਾ ਸੀ। ਪਿੱਛੇ ਜਿਹੇ ਸਰਬਨ ਪੁੱਤ ਨੇ ਜ਼ੋਰ ਮਾਰ ਕੇ ਚਾਰ ਵਿਘਿਆਂ ਦਾ ਵਾਹਨ ਵਾਇ ਖ਼ਰੀਦ ਕੇ ਅਪਣੀ ਪਨੈਚਾਂ ਵਾਲੀ ਪੈਲੀ ਨਾਲ ਰਲਾ ਲਿਆ ਸੀ ਤੇ ਹੁਣ ਕੁਝ ਦਿਨ ਸੁਖਾਲੇ ਬੀਤਣ ਲੱਗ ਪਏ ਸਨ। ਲੱਗਪਗ ਸਾਰੇ ਰਿਸ਼ਤੇਦਾਰ, ਸਬੰਧੀ ਪਹੁੰਚ ਗਏ ਸਨ ਪਰ ਅਜੇ ਧੰਨੀ ਮਾਂ ਦੀ ਵੱਡੀ ਧੀ ਮੁਖਤਿਆਰੋ ਨਹੀਂ ਪਹੁੰਚੀ ਸੀ ਤੇ ਉਸ ਦੀ ਹੀ ਉਡੀਕ ਹੋ ਰਹੀ ਸੀ।

ਦਾਅ ਸਰਕਾਰ ਲਈ ਸਾਰੇ ਪ੍ਰਬੰਧ ਹੋ ਚੁੱਕੇ ਸਨ। ਇਕੱਠੇ ਹੋਏ ਪਿੰਡ ਦੇ ਲੋਕ ਧੰਨੀ ਮਾਂ ਦੀ ਕਰੜੀ ਘਾਲਣਾ ਤੇ ਇਸਤਰੀ ਤੋ ਮਨੁੱਖ ਬਣ ਖੇਤੀਬਾੜੀ ਦਾ ਕੰਮ ਕਰਨ ਦੀਆਂ ਗੱਲਾਂ ਹਰੇਕ ਦੀ ਜ਼ੁਬਾਨ ਤੇ ਸਨ।



**ਰਣਜੀਤ ਆਜ਼ਾਦ ਕਾਂਝਲਾ**

ਸਾਰੇ ਉਸ ਦੀ ਲੱਕ ਬੰਨ੍ਹ ਕੇ ਛੋਟੇ ਛੋਟੇ ਪੁੱਤਰ- ਧੀਆਂ ਨਾਲ ਪਾਲਣ ਦਾ ਜ਼ਿਕਰ ਕਰਦੇ ਧੰਨੀ ਮਾਂ ਦੇ ਮੁਸ਼ੱਕਤੀ ਸੁਭਾਅ ਦੀ ਹਾਮੀ ਭਰ ਰਹੇ ਸਨ। ਕਾਲਾ ਬੈਲ ਬਣ ਅਪਣੇ ਪਰਿਵਾਰ ਨੂੰ ਪੈਰਾਂ - ਸਿਰ ਕਰਨ ਲਈ ਸਾਰੀ ਜ਼ਿੰਦਗੀ ਲੇਖੇ ਲਾ ਦਿੱਤੀ ਮਜਾਲ ਕਿ ਕੋਈ ਮੈਲੀ ਅੱਖ ਝਾਕ ਜਾਵੇ। ਸੱਥਰ ’ਤੇ ਬੈਠੇ ਸਾਰੇ ਉਹ ਮੁਸ਼ੱਕਤ ਭਰੀ ਜ਼ਿੰਦਗੀ ਦੀਆਂ ਗੱਲਾਂ ਕਰਦੇ ਫੱਖਰ ਮਹਿਸੂਸ ਕਰ ਰਹੇ ਸਨ।

ਰੋਂਦੀ ਕੁਰਲਾਉਂਦੀ ਵੱਡੀ ਧੀ ਵੀ ਪਹੁੰਚ ਗਈ। ਧੀ ਦਾ ਰੁਦਨ ਸੁਣਿਆ - ਵੇਖਿਆ ਨਹੀਂ ਜਾ ਰਿਹਾ ਸੀ। ਧੀਰਜ ਧਰਾਉਣ ਪਿੱਛੋ ਧੰਨੀ ਮਾਂ ਦਾ ਆਖਰੀ ਇਸ਼ਨਾਨ ਕਰਵਾ ਤਿਆਰ ਕਰ ਦਿੱਤੀ ਤੇ ਅਰਥੀ ਤਿਆਰ ਹੋ ਚੁੱਕੀ ਸੀ।

ਸੱਥਰ ’ਤੇ ਬੈਠੇ ਲੋਕਾਂ ਵਿੱਚੋਂ ਧੰਨੀ ਮਾਂ ਦਾ ਵੱਡਾ ਪੁੱਤ ਸਰਬਣ ਸਿਉ ਉਠਿਆ ਜੋ ਮਾਂ ਦੇ ਪਹਿਲੇ ਮੁਸ਼ੱਕਤ ਭਰੇ ਦਿਨਾਂ ਨੂੰ ਫਿਲਮ ਦੀ ਝਾਕੀ ਵਾਂਗ ਵੇਖਦਾ ਹੋਇਆ ਐਨਾ ਹੀ ਮੂੰਹੋਂ ਕਹਿ ਸਕਿਆ, ’ ਮਾਂ ਅਪਣੇ ਹੁਣ ਕੁਝ ਦਿਨ ਫਿਰੇ ਸਨ । ਪਹਿਲੀ ਅਪਣੀ ਜਵਾਨੀ ਦੀ ਉਮਰ ਤਾਂ ਤੈਂ ਸਾਨੂੰ ਪਾਲਣ ਸੰਭਾਲਣ ਵਿਚ ਖੱਪਤ ਕਰ ਦਿੱਤੀ। ਮਾਂ ਮੈਂ ਤੇਰਾ ਸਰਬਣ ਪੁੱਤ ਨਾ ਬਣ ਸਕਿਆ। ’ ਇਹ ਕਹਿੰਦਿਆਂ ਸਰਬਣ ਸਿਉ ਨੇ ਧਾਹ ਮਾਰੀ ਤੇ ਮਾਂ ਦੀ ਅਰਥੀ ਨੂੰ ਮੋਢਾ ਦੇ ਲਿਆ ।

## ਸਿਧਾਂਤ-ਏ-ਸ਼ਸ਼ਤਰ

ਜੰਗਾਂ ਦੀ ਫ਼ਤਿਹ ਦਾ ਸ਼ਸ਼ਤਰ ਪ੍ਰਤੀਕ
ਜਿੱਤਣ ਦਾ ਨਕਸ਼ਾ ਲੈਂਦਾ ਹੈ ਉਲੀਕ।

ਜ਼ੁਲਮ ਦੇ ਉੱਠੇ ਸਿਰ ਮਧੋਲਣ ਵਾਲਾ
ਕਾਲ ਦਾ ਰੰਗਿਆ ਰੰਗ ਦਾ ਕਾਲਾ।।

ਰੱਤ ਨਾਲ ਖੇਡੇ ਸ਼ਸ਼ਤਰ ਨਿੱਤ ਹੋਲਾ
ਸ਼ਸ਼ਤਰ ਦੇ ਮੂਹਰੇ ਨਾ ਕੋਈ ਰੋਲਾ।

ਹਰ ਯੁੱਗ ਦਾ ਹੁੰਦਾ ਹੈ ਇਹ ਹਾਣੀ
ਚੱਲਦਾ ਜਦੋਂ ਰੱਤ ਡੋਲ੍ਹੇ ਵਾਂਗ ਪਾਣੀ।।

ਕਾਲ ਦੇ ਰੱਥ ਦਾ ਚੜਿ ਆ ਅਸਵਾਰ
ਅਣਖਾਂ ਦੀ ਗੁੜ੍ਹਤੀ ਘੜੇ ਕਿਰਦਾਰ।

ਬਾਝ ਸ਼ਸ਼ਤਰ ਫੱਬਦੇ ਨਾ ਗੈਰਤ ਮੇਲੇ
ਸ਼ਸ਼ਤਰ ਨਾਦ ਸੰਗੀਤ ਸੰਗ ਹੋਣੀ ਖੇਲੇ।।

ਸ਼ਸ਼ਤਰ ਦਾ ਰੁਤਬਾ ਜੱਗ ਵਿੱਚ ਉੱਚਾ
ਯੋਧਿਆਂ ਪੂਜਣ ਸ਼ਸ਼ਤਰ ਪੀਰ ਸੁੱਚਾ।

ਤੀਰ, ਤੇਗੇ ,ਭਾਲੇ,ਖੜਗ ਤੇ ਕਿਰਪਾਨ
ਮੌਤਦੇਵ ਨੂੰ ਰੱਤ,ਹੱਡ,ਮਾਂਸ ਸਭ ਪ੍ਰਵਾਨ।।

ਸ਼ਾਸ਼ਤਰਾਂ ਵਿੱਚੋ ਸ਼ਸ਼ਤਰ ਉਪਜ ਕੇ ਆਏ
ਸ਼ਸ਼ਤਰ ਸਾਹਵੇ ਵੈਰੀ ਵੀ ਠਠੰਬਰ ਜਾਏ।

ਸ਼ਸ਼ਤਰ ਦੀ ਸੋਝੀ ਨਿਰਭਓ ਮੂਲ ਸਿਧਾਂਤ
ਸ਼ਸ਼ਤਰ ਸਿਰਜਦਾ ਨਿੱਤ ਨਵੇ ਬਿਰਤਾਂਤ।।

ਕਟਾਰ,ਖੰਜਰ,ਖੁਕਰੀ,ਤਲਵਾਰ ਤੇ ਢਾਲ
ਸ਼ਸ਼ਤਰ ਸਮਰੱਥ ਕੱਟ ਦਿੰਦਾ ਭਰਮ ਜਾਲ।

ਸ਼ਸ਼ਤਰ ਹੀ ਭਗਤੀ ਸ਼ਸ਼ਤਰ ਹੀ ਸ਼ਕਤੀ
ਸ਼ਸ਼ਤਰ ਗੁਰੂ ਦਾ ਮੋਹ ਸ਼ਸ਼ਤਰ ਸਰਬਲੋਹ।

ਸ਼ਸ਼ਤਰ ਕਾਲ ਦਾ ਪ੍ਰਚੰਡ ਵਿਕਰਾਲ ਰੂਪ
ਸ਼ਸ਼ਤਰ ਹੀ ਪੂਜਾ ਦਾ ਸ਼ਸ਼ਤਰ ਹੀ ਸਰੂਪ।

ਸ਼ਸ਼ਤਰ ਅਰੁੱਕ,ਅਮੁੱਕ,ਨਿਰਮਲ ਤੁਫੰਗ
ਸ਼ਸ਼ਤਰ ਤੇਜ ਬੁਗਦਾ ਸ਼ਸ਼ਤਰ ਸਰਬੰਗ।।

ਸ਼ਸ਼ਤਰ ਹੈ ਗੁਰੂ ਅਤੇ ਸ਼ਸ਼ਤਰ ਹੀ ਪੀਰ
ਸ਼ਸ਼ਤਰ ਨੂੰ ਅਰਾਧਦੇ ਮਰਜੀਵੜੇ ਬੀਰ।

ਸ਼ਸ਼ਤਰ ਹੈ ਸੋਭਾ ਸ਼ਸ਼ਤਰ ਹੈ ਵਡਿਆਈ
ਸ਼ਸ਼ਤਰ ਜਾਬਰ ਦੀ ਅਲਖ ਮੁਕਾਈ।।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਪਿਆਰ

ਉਸ ਪੁੱਛਿਆ
ਸੌਂਵੇਗੀ ਮੇਰੇ ਨਾਲ
ਪਰ ਮੈਂ ਕੋਈ ਵਾਅਦਾ ਨਹੀਂ ਕਰਾਂਗਾ
ਤੇਰਾ ਸਾਥ ਦੇਣ ਦਾ
ਹਾਂ !! ਤੈਨੂੰ
ਪਿਆਰ ਵੀ ਨਹੀਂ ਕਰਦਾ

ਮੈਂ ਪੁੱਛਿਆ
ਮੈਂ ਪਿਆਰ ਵਿੱਚ
ਸਭ ਕੁਝ ਸਾਂਝਾ ਕਰ ਸਕਦੀ
ਪਰ ਤੂੰ
ਪਿਆਰ ਤੋਂ ਇਨਕਾਰੀ ਹੈ

ਉਸ ਕਿਹਾ
ਜਿਸਮਾਂ ਦੀ ਸਾਂਝ
ਪਿਆਰ ਹੀ ਤਾਂ ਹੁੰਦੀ
ਆਪਾਂ
ਬੇਗਰਜ਼ ਪਿਆਰ ਕਰਾਂਗੇ

ਮੈਂ ਪੁੱਛਿਆ
ਸੌਦਾ ਹੈ
ਪਿਆਰ ਕਿੱਥੇ ਇਸ ਵਿੱਚ

ਉਸ ਕਿਹਾ
ਪਿਆਰ ਪਿਊਰ ਕੁਝ ਨਹੀਂ ਹੁੰਦਾ
ਸਭ ਫੋਕੇ ਫ਼ਲਸਫ਼ੇ ਨੇ
ਜਿਸਮ ਦੀ ਸਾਂਝ
ਬਸ ਇਹੀ ਹੈ ਸਭ ਕੁਝ

ਮੈਂ ਕਿਹਾ
ਹੁੰਦਾ ਹੈ ਪਿਆਰ
ਰੂਹਾਂ ਦਾ ਮੇਲ
ਜਿਸਮਾਂ ਤੋਂ ਪਰ੍ਹੇ
ਤੂੰ ਨਹੀਂ ਸਮਝੇਗਾ

ਉਸ ਕਿਹਾ
ਤੂੰ ਚੰਗੀ ਹੈਂ
ਪਤਾ ਨਹੀਂ ਕਿਹੜੇ ਯੁੱਗ ਦੀ
ਭਟਕਦੀ ਆਤਮਾ

ਮੈਂ ਕਿਹਾ
ਤੂੰ ਵੀ ਭਟਕ ਹੀ ਰਿਹਾਂ
ਜਿਸਮ ਦਰ ਜਿਸਮ
ਕਦੀ ਮਿਲੀਂ ਕਿਸੇ ਰੂਹ ਨੂੰ
ਮੁੱਕ ਜਾਵੇਗੀ
ਤੇਰੀ ਭਟਕਣਾ

**ਹਰਪ੍ਰੀਤ ਕੌਰ ਸੰਧੂ**

## ਘੁੰਮ ਆਈਏ

ਚੱਲ ਘੁਮੱਕੜਾ ! ਘੁੰਮ ਆਈਏ ਵੇ
ਵਾਂਗ ਮਲੰਗਾਂ ਦੇ
ਪਰਦੇ ਲਾਂਭੇ ਕਰ ਛੱਡੀਏ ਹੁਣ
ਗੂੜ੍ਹੀਆਂ ਸੰਗਾਂ ਦੇ

ਓਹੀ ਅੰਦਰ ਮੌਨ ਧਾਰ ਕੇ
ਬੈਠਾ ਲਗਦਾ ਐ
ਜਿਸਦੇ ਬੋਲ ਕਦੇ ਨਾ ਆਏ
ਮੇਚ ਤਰੰਗਾਂ ਦੇ

ਓਸੇ ਨੂੰ ਹੀ ਵੱਲ ਝਿੜਕ ਕੇ
ਜ਼ਹਿਰ ਪਿਆਵਣ ਦਾ
ਸ਼ਹਿਦ ਬਾਜ਼ਾਰਾਂ ਦੇ ਵਿੱਚ ਵਿਕਦੇ
ਜ਼ਹਿਰੀ ਰੰਗਾਂ ਦੇ

ਭੈੜੀ ਇਕ ਕਮਾਨ ਉਹਦੇ
ਸਮਝੌਤੇ ਦੀ ਲੈ ਕੇ
ਹੌਲ਼ੀ-ਹੌਲ਼ੀ ਤੋੜੇ ਸਾਰੇ
ਤੀਰ ਉਮੰਗਾਂ ਦੇ

ਡਾਹਢੀ ਸੋਚ ਵਿਚਾਰ ਦੇ ਮਗਰੋਂ
ਸਨਮੁੱਖ ਹੋਏ ਨੇ
ਜਿੰਨੇ ਵਾਰਸ ਸਾਡੇ ਮੱਥੇ
ਖੁਣੀਆਂ ਜੰਗਾਂ ਦੇ

ਚੁੱਕ ਲੈ ਵੰਝਲ਼ੀ, ਕਾਸਾ, ਲੋਈ,
ਮੁੰਦਰਾਂ ਤੇ ਕੁਝ ਗ਼ਮ
ਚੱਲ ਰਾਂਝਿਆ ! ਮੁੱਕ ਗਏ ਹੁਣ ਤਾਂ
ਮੇਲੇ ਝੰਗਾਂ ਦੇ

ਪੱਤਝੜ ਪੱਤੇ ਝਾੜ ਕੇ ਲੰਘੀ
ਸਾਡੇ ਹੁਸਨਾਂ ਦੇ
ਹੁਣ ਤੈਨੂੰ ਕਿੱਥੇ ਜੱਚਣੇ ਨੇ
ਰੂਪ ਕਰੰਗਾਂ ਦੇ

ਕੋਈ ਤਾਂ ਚੰਨ ਗਵਾਚ ਗਿਆ ਐ
ਅੰਬਰ ਕਾਲ਼ੇ ਦਾ
ਐਵੇਂ ਨਹੀਂ ਧਰਤੀ ਨੇ ਕੀਤੇ
ਟੋਟੇ ਵੰਗਾਂ ਦੇ

**ਰਿਤੂ ਵਾਸੂਦੇਵ**

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਵਲੋਂ ਦਿੱਲੀ-ਸ਼੍ਰੀਨਗਰ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀ ਚਲਾ ਕੇ ਭਾਰਤੀਆਂ ਦਾ ਦਿਲ ਜਿੱਤਿਆ: ਬੱਲ ਮਲਕੀਤ ਸਿੰਘ



**ਅੰਮ੍ਰਿਤਸਰ** - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੰਮੂ ਕਸ਼ਮੀਰ ਵਿਖੇ ਵਿਸ਼ਵ ਦੇ ਸਭ ਤੋਂ ਉੱਚੇ ਰੇਲਵੇ ਆਰਕ ਪੁਲ 'ਚਨਾਬ ਪੁਲ' ਦਾ ਉਦਘਾਟਨ ਕੀਤਾ ਗਿਆ।ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਵਲੋਂ ਪਹਿਲੀ ਦਿੱਲੀ-ਸ਼੍ਰੀਨਗਰ ਵੰਦੇ ਭਾਰਤ ਐਕਸਪ੍ਰੈਸ ਨੂੰ ਹਰੀ ਝੰਡੀ ਦਿਖਾਈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੱਲ ਮਲਕੀਤ ਸਿੰਘ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਨ੍ਹਾਂ ਕਿਹਾ ਕਿ ਇਹ ਪਹਿਲੀ ਰੇਲਗੱਡੀ ਹੈ ਜੋ ਵਾਦੀ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਦੀ ਹੈ।ਚਨਾਬ ਦਰਿਆ ਉੱਤੇ ਉਚਾਈ 'ਤੇ ਬਣਿਆ ਇਹ ਪੁਲ ਪੈਰਿਸ ਦੇ ਆਈਫਲ ਟਾਵਰ ਤੋਂ 35 ਮੀਟਰ ਉੱਚਾ ਹੈ। ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਬੱਕਲ ਅਤੇ ਕੌਰੀ ਵਿਚਕਾਰ ਬਣਿਆ ਆਰਕ ਪੁਲ ਦਰਿਆ ਦੇ ਤਲ ਤੋਂ 1,178 ਫੁੱਟ ਉੱਚਾ ਹੈ, ਜੋ ਕੱਟੜਾ ਤੋਂ ਬਨੀਹਾਲ ਤੱਕ ਇੱਕ ਮਹੱਤਵਪੂਰਨ ਲਿੰਕ ਹੈ। ਇਹ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਿੰਕ ਦਾ ਹਿੱਸਾ ਹੈ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਨੂੰ ਦੋ ਦਹਾਕਿਆਂ ਦੀ ਉਡੀਕ ਮਗਰੋਂ ਇਹ ਪੁਲ ਮਿਲਿਆ ਹੈ ਇਹ ਪ੍ਰੋਜੈਕਟ 2003 ਵਿੱਚ ਮਨਜ਼ੂਰ ਹੋਇਆ ਸੀ ਸਾਲ 2008 ਵਿੱਚ ਰੇਲਵੇ ਪੁਲ ਦੇ ਨਿਰਮਾਣ ਦਾ ਠੇਕਾ ਦਿੱਤਾ ਗਿਆ ਸੀ। ਸਿਖਰਲੇ ਤਾਪਮਾਨ ਦੀ ਜਾਂਚ, ਭੂ ਉਦਘਾਟਨ ਮਗਰੋਂ ਇਹ ਪੁਲ 260 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੀਆਂ ਹਵਾਵਾਂ ਦਾ ਸਾਹਮਣਾ ਕਰਨ ਦੇ ਯੋਗ ਹੋਵੇਗਾ ਅਤੇ ਇਸ ਦੀ ਉਮਰ 120 ਸਾਲ ਹੋਵੇਗੀ। ਇਸ ਪੁਲ ਰਾਹੀਂ ਪਹਿਲੀ ਯਾਤਰੀ ਰੇਲਗੱਡੀ ਦਿੱਲੀ ਤੋਂ ਚੱਲੇਗੀ ਅਤੇ ਕੱਟੜਾ ਰਾਹੀਂ ਸ੍ਰੀਨਗਰ ਪਹੁੰਚੇਗੀ, ਜੋ ਕਿ ਮਾਤਾ ਵੈਸ਼ਨੋ ਦੇਵੀ ਤੀਰਥ ਦਾ ਅਧਾਰ ਹੈ ਭਾਵੇਂ ਕਿ ਕਸ਼ਮੀਰ ਘਾਟੀ ਨੂੰ ਰੇਲ ਰਾਹੀਂ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਦਾ ਵਿਚਾਰ 1970 ਦੇ ਦਹਾਕੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਪੇਸ਼ ਕੀਤਾ ਗਿਆ ਸੀ, ਪਰ ਇਸ ਪ੍ਰੋਜੈਕਟ ਨੂੰ 1994 ਵਿੱਚ ਉਨ੍ਹਾਂ ਦੇ ਉੱਤਰਾਧਿਕਾਰੀ ਪੀ.ਵੀ. ਨਰਸਿਮਹਾ ਰਾਓ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਅਧਿਕਾਰਤ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਗਈ ਸੀ। ਰੇਲਵੇ ਲਿੰਕ 'ਤੇ ਗੰਭੀਰਤਾ ਨਾਲ ਕੰਮ 2002 ਵਿੱਚ ਸ਼ੁਰੂ ਹੋਇਆ ਸੀ

## ਸ਼ਹਿਰੀ ਖੇਤਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ

**ਪਟਿਆਲਾ - (ਅਮਨ ਸਿੱਧੂ ਮੱਲੇਵਾਲ)** : ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜਪੁਰਾ ਚੁੰਗੀ ਤੋਂ ਪੁਰਾਣਾ ਬੱਸ ਸਟੈਂਡ ਦੇ ਅੰਦਰ ਦੇ ਇਲਾਕੇ, ਪੁਰਾਣਾ ਬੱਸ ਸਟੈਂਡ ਤੋਂ ਫੁਆਰਾ ਚੌਂਕ (ਦੀ ਮਾਲ ਰੋਡ), ਫੁਆਰਾ ਚੌਂਕ ਲੋਅਰ ਮਾਲ ਤੋਂ ਮਹਿੰਦਰਾ ਕਾਲਜ ਅਤੇ ਮਹਿੰਦਰਾ ਕਾਲਜ ਤੋਂ ਸਨੌਰੀ ਅੱਡੇ ਦੇ ਅੰਦਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਹੈ। 5 ਅਗਸਤ 2025 ਤੱਕ ਲਾਗੂ ਰਹਿਣ ਵਾਲੇ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਦੇ ਸ਼ਹਿਰੀ ਖੇਤਰ ਅੰਦਰ ਭਾਰੀ ਵਾਹਨਾਂ ਦੀ ਆਵਾਜਾਈ ਬਹੁਤ ਜ਼ਿਆਦਾ ਵੱਧ ਗਈ ਹੈ, ਇਨ੍ਹਾਂ ਵਾਹਨਾਂ ਦੀ ਦਿਨ ਦੇ ਸਮੇਂ ਸ਼ਹਿਰ ਵਿੱਚ ਆਮਦ ਨਾਲ ਆਮ ਟਰੈਫਿਕ ਦੀ ਆਵਾਜਾਈ ਵਿੱਚ ਕਾਫ਼ੀ ਵਿਘਨ ਪੈ ਰਿਹਾ ਹੈ, ਜਿਸ ਨਾਲ ਲੰਮੇ ਸਮੇਂ ਜਾਮ ਲੱਗ ਜਾਂਦੇ ਹਨ। ਇਨ੍ਹਾਂ ਟ?ੈਫਿਕ ਜਾਮਾਂ ਕਾਰਨ ਜਿੱਥੇ ਆਮ ਜਨਤਾ ਦੇ ਕੰਮਕਾਰ ਪ੍ਰਭਾਵਿਤ ਹੁੰਦੇ ਹਨ, ਉੱਥੇ ਨਾਲ ਹੀ ਬਿਮਾਰ/ ਬਜ਼ੁਰਗ/ ਮਰੀਜ਼/ ਐਂਬੂਲੈਂਸਾਂ/ਸਕੂਲੀ ਬੱਚਿਆਂ ਦੇ ਇੱਕ ਥਾਂ ਤੋਂ ਦੂਜੀ ਥਾਂ ਸਮੇਂ ਸਿਰ ਪੁੱਜਣ ਵਿੱਚ ਵੀ ਵਿਘਨ ਪੈਂਦਾ ਹੈ, ਅਜਿਹੇ ਹਾਲਤਾਂ ਨਾਲ ਅਮਨ ਕਾਨੂੰਨ ਦੀ ਸਥਿਤੀ ਦੇ ਖਰਾਬ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਲਈ ਇਹ ਪਾਬੰਦੀ ਲਗਾਈ ਗਈ ਹੈ

## ਪੰਜਾਬੀ ਲੇਖਕ ਸਭਾ ਚੰਡੀਗੜ੍ਹ ਨੇ ਸਜਾਈ ਕਾਵਿ-ਮਹ.ਫਲ

# ਪੰਜਾਬੀ, ਹਿੰਦੀ ਅਤੇ ਉਰਦੂ ਸ਼ਾਇਰਾਂ ਨੇ ਖ਼ੂਬਸੂਰਤ ਮਾਹੌਲ ਸਿਰਜਿਆ

**ਮੋਹਾਲੀ - ( ਅਸ਼ੋਕ ਜੋਸ਼ੀ )**

ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਅੱਜ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ ਵਿਖੇ ਕਾਵਿ ਮਹਿਫ਼ਿਲ ਦਾ ਅਯੋਜਨ ਕੀਤਾ ਗਿਆ ਜਿਸ ਵਿੱਚ ਪੰਜਾਬੀ, ਹਿੰਦੀ ਅਤੇ ਉਰਦੂ ਦੇ ਸ਼ਾਇਰਾਂ ਨੇ ਖ਼ੂਬਸੂਰਤ ਮਾਹੌਲ ਸਿਰਜਿਆ ।




ਸਾਬਕਾ ਸੈਸ਼ਨ ਜੱਜ ਜੇ. ਐਸ. ਖ਼ੁਸ਼ਦਿਲ ਇਸ ਮੌਕੇ ਮੁੱਖ ਮਹਿਮਾਨ ਸਨ । ਉਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਕਵਿੱਤਰੀਆਂ ਸੁਰਜੀਤ ਕੌਰ ਬੈਂਸ, ਡਾ. ਗੁਰਦੀਪ ਗੁਲ ਅਤੇ ਪ੍ਰਗਿਆ ਸ਼ਾਰਦਾ ਨੇ ਸ਼ਮੂਲੀਅਤ ਕੀਤੀ । ਸਾਰਿਆਂ ਦਾ ਸਵਾਗਤ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਖਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਕਵਿਤਾ ਰਾਹੀਂ ਕਹੀ ਗੱਲ ਵੱਖਰਾ ਅਸਰ ਪਾਉਂਦੀ ਹੈ । ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਵਿਤਾ ਸਾਡੇ ਸੂਖ਼ਮ ਅਹਿਸਾਸ ਦੀ ਤਰਜਮਾਨੀ ਕਰਨ ਦੇ ਸਮਰੱਥ ਹੁੰਦੀ ਹੈ । ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਨੇ ਕਿਹਾ ਕਿ ਕਵੀ ਦੀ ਕਲਪਨਾ ਸ਼ਕਤੀ ਉਸਾਰੂ ਸਮਾਜ ਦੀ ਰਚਨਾ ਕਰ ਸਕਦੀ ਹੁੰਦੀ ਹੈ । ਮੁੱਖ ਮਹਿਮਾਨ ਜੇ. ਐਸ. ਖ਼ੁਸ਼ਦਿਲ ਨੇ ਗੁਰੂ ਚੇਲਾ ਰਿਵਾਇਤ ਨੂੰ ਸਮਰਪਿਤ ਆਪਣੀ ਲੇਖਣੀ ਦੇ ਹਵਾਲੇ ਨਾਲ ਕਿਹਾ ਕਿ ਚੰਗੀ ਕਵਿਤਾ ਸੇਧ ਰਾਹੀਂ ਹੀ ਰਚੀ ਜਾ ਸਕਦੀ ਹੈ । ਗ਼ਜ਼ਲ ਦੀਆਂ ਵੱਖ-ਵੱਖ ਬਹਿਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਪਣੀਆਂ ਅਤੇ ਗੁਰੂ ਹਰਚੰਦ ਸਿੰਘ ਖ਼ੁਸ਼ਦਿਲ ਦੀਆਂ ਕੁਝ ਰਚਨਾਵਾਂ ਸੁਣਾਈਆਂ ।

ਸਿਮਰਜੀਤ ਗਰੇਵਾਲ ਨੇ ਆਪਣੀ ਕਵਿਤਾ "ਲੱਪ ਰਿਸ਼ਮਾਂ ਦਾ ਦੇ ਜਾ ਵੇ ਚਾਨਣ ਦਿਆ ਵਣਜਾਰਿਆ"ਸੁਣਾਉਣ ਮਗਰੋਂ ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਸੰਭਾਲੀ।

ਪ੍ਰਧਾਨਗੀ ਮੰਡਲ ਵਿੱਚ ਮੌਜੂਦ ਸੁਰਜੀਤ ਕੌਰ ਬੈਂਸ, ਗੁਰਦੀਪ ਗੁਲ, ਪ੍ਰਗਿਆ ਸ਼ਾਰਦਾ, ਦੀਪਕ ਸ਼ਰਮਾ ਚਨਾਰਥਲ ਅਤੇ ਭੁਪਿੰਦਰ ਸਿੰਘ ਮਲਿਕ ਤੋਂ ਇਲਾਵਾ ਜਿਨ੍ਹਾਂ ਕਵੀਆਂ/ਕਵਿੱਤਰੀਆਂ ਨੇ ਇਸ ਕਾਬਿਲ-ਏ-ਤਾਰੀਫ਼ ਮਹ.ਫ਼?ਲ ਵਿੱਚ ਆਪਣੀਆਂ ਰਚਨਾਵਾਂ ਰਾਹੀਂ ਸ਼ਿਰਕਤ ਕੀਤੀ ਉਹਨਾਂ ਵਿੱਚ ਹਰਮਿੰਦਰ ਕਾਲੜਾ, ਲਾਭ ਸਿੰਘ ਲੈਹਲੀ, ਕ੍ਰਿਸ਼ਮਾ ਵਰਮਾ, ਸ਼ਵੇਤਾ, ਮੇਵਾ ਸਿੰਘ, ਕੰਵਲਦੀਪ ਸਿੰਘ, ਸੰਜੀਵ ਸਿੰਘ ਸੈਣੀ, ਰੋਬਿਨ ਬਤਰਾ, ਮਿੱਕੀ ਪਾਸੀ, ਕੇ. ਕੇ ਸ਼ਾਰਦਾ, ਪ੍ਰੇਮ ਵਿਜ, ਅਮਰਜੀਤ ਕੌਰ, ਜਗਦੀਸ਼, ਅਨੁ ਭਾਰਦਵਾਜ, ਕੁਲਵਿੰਦਰ ਸਿੰਘ ਕੰਗ, ਅਸ਼ੋਕ ਭੰਡਾਰੀ ਨਾਦਿਰ, ਸੁਰਿੰਦਰ ਕੁਮਾਰ, ਸੁਰਜੀਤ ਸਿੰਘ ਧੀਰ, ਸ਼ਾਇਰ ਭੱਟੀ, ਪਿਆਰਾ ਸਿੰਘ ਰਾਹੀ, ਗੁਰਨਾਮ ਕੰਵਰ, ਗੁਰਜੀਤ ਕੌਰ, ਜਲੌਰ ਸਿੰਘ ਖੀਵਾ, ਬਲਵਿੰਦਰ ਸਿੰਘ ਢਿੱਲੋਂ, ਹਰਭਜਨ ਕੌਰ ਢਿੱਲੋਂ, ਡਾ. ਸੁਰਿੰਦਰ ਗਿੱਲ, ਨੀਲਮ ਨਾਰੰਗ, ਨਰਿੰਦਰ ਕੌਰ ਲੌਂਗੀਆ, ਨਰਿੰਦਰ ਨਸਰੀਨ, ਪ੍ਰਲਾਦ ਸਿੰਘ, ਸਰਬਜੀਤ ਸਿੰਘ, ਰਤਨ ਬਾਬਕਵਾਲਾ, ਅਤਰ ਸਿੰਘ ਖੁਰਾਣਾ, ਸ਼ੀਨੂ ਵਾਲੀਆ, ਪਵਨਦੀਪ ਚੌਹਾਨ, ਮਨਜੀਤ ਕੌਰ ਮੁਹਾਲੀ, ਜੋਗਿੰਦਰ ਸਿੰਘ ਜੱਗਾ, ਤਲਵਿੰਦਰ ਸਿੰਘ, ਮੰਦਰ ਗਿੱਲ, ਦਰਸ਼ਨ ਤਿਉਣਾ, ਪਰਮਜੀਤ ਪਰਮ, ਬਾਬੂ ਰਾਮ ਦੀਵਾਨਾ, ਹਰਜਾਪ ਸਿੰਘ ਔਜਲਾ, ਡਾ. ਰਵੀ ਕੁਮਾਰ, ਪ੍ਰਵੇਸ਼ ਚੌਹਾਨ, ਗੁਰਮੀਤ ਸਿੰਘਲ, ਗੁਰਨੀਤ ਕੌਰ, ਹਰਜੀਤ ਸਿੰਘ, ਅਸ਼ਵਨੀ ਕੁਮਾਰ, ਮਹਿੰਦਰਜੀਤ ਬਹਾਵਾਲੀਆ, ਕੇਵਲਜੀਤ ਸਿੰਘ, ਚਰਨਜੀਤ ਕੌਰ ਬਾਠ, ਡਾ. ਮਨਜੀਤ ਸਿੰਘ ਬੱਲ, ਸੰਗੀਤਾ ਸ਼ਰਮਾ ਕੁੰਦਰਾ, ਗੁਰਜੋਧ ਕੌਰ, ਪੱਲਵੀ ਰਾਮਪਾਲ, ਮਹਿੰਦਰ ਸਿੰਘ ਗੋਸਲਾ, ਜਸਵੰਤ ਸਿੰਘ, ਆਰ. ਐੱਸ. ਮਲਹੋਤਰਾ, ਸੀਮਾ, ਮਨਜੀਤ, ਗੁਰਜੀਤ ਕੌਰ, ਗੁਰਮੀਤ ਕੌਰ, ਸੰਤੋਸ਼ ਗਰਗ ਅਤੇ ਆਰ. ਐਨ ਸ਼ਰਮਾ ਦੇ ਨਾਂ ਵਰਣਨ ਯੋਗ ਹਨ । ਧੰਨਵਾਦੀ ਸ਼ਬਦ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਪਾਲ ਅਜਨਬੀ ਨੇ ਕਹੇ ।

# ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਰਹਿਨੁਮਾਈ ਹੇਠ ਕਿਰਤ ਵਿਭਾਗ 100 ਫ਼ੀਸਦੀ ਹੋਇਆ ਆਨਲਾਈਨ

**ਪਟਿਆਲਾ - (ਅਮਨ ਸਿੱਧੂ ਮੱਲੇਵਾਲ)** : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਰਹਿਨੁਮਾਈ ਹੇਠ ਕਿਰਤ ਵਿਭਾਗ ਜੋ ਮਾਮਲੇ ਲੰਬਿਤ ਸਨ ਉਨ੍ਹਾਂ ਤੇ ਪਿਛਲੇ ਸਮੇਂ ਦੌਰਾਨ ਫ਼ੈਸਲੇ ਲਏ ਗਏ। ਇਨ੍ਹਾਂ ਫ਼ੈਸਲਿਆਂ ਸਬੰਧੀ ਜਾਣਕਾਰੀ ਦੇਣ ਅਤੇ ਸਨਅਤਕਾਰਾਂ ਦੀਆਂ ਮੁਸ਼ਕਲਾਂ ਸੁਣਨ ਲਈ ਪਟਿਆਲਾ ਇੰਡਸਟਰੀਜ਼ ਐਸੋਸੀਏਸ਼ਨ (ਪੀ. ਆਈ. ਏ.) ਵੱਲੋਂ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕਿਰਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਮਨਵੇਸ਼ ਸਿੰਘ ਸਿੱਧੂ ਆਈ. ਏ. ਐਸ. ਨੇ ਬਤੌਰ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਵਿਸ਼ੇਸ਼ ਤੌਰ 'ਤੇ ਕਿਰਤ ਕਮਿਸ਼ਨਰ-ਕਮ-ਡਾਇਰੈਕਟਰ ਆਫ਼ ਫੈਕਟਰੀਜ਼ ਰਾਜੀਵ ਕੁਮਾਰ ਗੁਪਤਾ ਆਈ ਏ ਐਸ, ਨਰਿੰਦਰ ਸਿੰਘ ਜੁਆਇੰਟ ਡਾਇਰੈਕਟਰ ਆਫ਼ ਫੈਕਟਰੀਜ, ਮੋਹਿਤ ਸਿੰਗਲਾ ਡਿਪਟੀ ਡਾਇਰੈਕਟਰ ਆਫ਼ ਫੈਕਟਰੀਜ, ਸਰਬਜੋਤ ਸਿੰਘ ਸਿੱਧੂ ਅਤੇ ਜਸਵੀਰ ਸਿੰਘ ਸਹਾਇਕ ਕਿਰਤ ਕਮਿਸ਼ਨਰ ਹਾਜ਼ਰ ਰਹੇ। ਪੀ. ਆਈ. ਏ. ਵੱਲੋਂ ਮੁੱਖ ਮਹਿਮਾਨ ਮਨਵੇਸ਼ ਸਿੰਘ ਸਿੱਧੂ, ਕਿਰਤ ਕਮਿਸ਼ਨਰ ਰਾਜੀਵ ਗੁਪਤਾ ਅਤੇ ਹੋਰ ਅਧਿਕਾਰੀਆਂ ਦਾ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਪੀ. ਆਈ. ਏ. ਦੇ ਸੰਸਥਾਪਕ ਅਤੇ ਸਲਾਹਕਾਰ ਨਰੇਸ਼ ਗੁਪਤਾ, ਪ੍ਰਧਾਨ ਜੈ ਨਰਾਇਣ ਗੋਇਲ, ਸਕੱਤਰ ਸੁਨੀਲ ਸੂਦ, ਵਾਈਸ ਪ੍ਰਧਾਨ ਯਸ਼ ਮਹਿੰਦਰ, ਵਿੱਤ ਸਕੱਤਰ ਰਾਕੇਸ਼ ਗੋਇਲ, ਜੁਆਇੰਟ ਸਕੱਤਰ ਰਾਜੀਵ ਗਰਗ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਵਿਚ ਪੀ. ਆਈ. ਏ. ਤੋਂ ਇਲਾਵਾ ਪਟਿਆਲਾ ਚੈਂਬਰ ਆਫ਼ ਇੰਡਸਟਰੀਜ਼, ਫੋਕਲ ਪੁਆਇੰਟ ਇੰਡਸਟ?ੀਅਲ ਐਸੋਸੀਏਸ਼ਨ, ਪਟਿਆਲਾ ਇੰਡਸਟਰੀਅਲ ਅਸਟੇਟ ਵੈੱਲਫੇਅਰ ਐਸੋਸੀਏਸ਼ਨ, ਐਮ. ਐਸ. ਐਮ. ਈ. ਇੰਡਸਟਰੀਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ। ਨਰੇਸ਼ ਗੁਪਤਾ, ਅਸ਼ਵਨੀ ਗਰਗ, ਐਚ. ਪੀ. ਐਸ. ਲਾਂਬਾ ਅਤੇ ਸੰਜੇ ਸਿੰਗਲਾ ਨੇ ਇੰਡਸਟਰੀ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਅਧਿਕਾਰੀਆਂ ਨੂੰ ਦੱਸਿਆ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਵਿਚ ਦੱਸਿਆ ਕਿ ਕਿਰਤ ਵਿਭਾਗ ਦਾ ਸਾਰਾ ਕੰਮ ਕੰਪਿਊਟਰਾਈਜ਼ਡ ਹੋ ਗਿਆ ਹੈ। ਵਿਭਾਗ ਦੀਆ 50 ਸੇਵਾਵਾਂ ਆਨਲਾਈਨ ਪੋਰਟਲ ਦੇ ਰਾਹੀਂ ਦਿੱਤੀਆਂ ਜਾ ਰਹੀਆਂ ਹਨ। ਕਿਸੇ ਅਦਾਰੇ ਨੂੰ ਹੁਣ ਕਿਸੇ ਪ੍ਰਕਾਰ ਦੇ ਦਸਤਾਵੇਜ਼ ਦਫ਼ਤਰਾਂ ਵਿਚ ਆ ਕੇ ਜਮ?ਾ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਹੋਰ ਵਿਭਾਗੀ ਕੰਮ ਵੀ ਈ-ਆਫ਼?ਸ ਦੇ ਰਾਹੀਂ ਕੀਤਾ ਜਾ ਰਿਹਾ ਹੈ। ਇਸ ਪ੍ਰਕਾਰ ਵਿਭਾਗ ਪੇਪਰ ਰਹਿਤ ਹੋ ਗਿਆ ਹੈ। ਹਾਜ਼ਰ ਮੈਂਬਰਾਨ ਨੂੰ ਦੱਸਿਆ ਗਿਆ ਕਿ ਕਿਰਤ ਵਿਭਾਗ ਦਾ ਪੋਰਟਲ ਇਨਵੈਸਟ ਪੰਜਾਬ ਦੇ ਬਿਜ਼ਨਸ ਫ਼ਸਟ ਪੋਰਟਲ ਨਾਲ ਜੁੜ ਚੁੱਕਾ ਹੈ। ਸੇਵਾਵਾਂ ਦੀ ਲੰਬਿਤਤਾ ਸਬੰਧੀ ਜਾਣਕਾਰੀ ਪੋਰਟਲ ਤੇ ਉਪਲਬਧ ਰਹਿੰਦੀ ਹੈ ਕਿ ਅਰਜ਼ੀ/ਫਾਈਲ ਕਿਸ ਪੱਧਰ ਤੇ ਕਿੰਨੀ ਦੇਰ ਤੋਂ ਪਈ ਹੈ। ਸੇਵਾਵਾਂ ਲਈ ਜੋ ਫ਼ੀਸ ਲਾਗੂ ਹੈ ਉਸ ਦੀ ਅਦਾਇਗੀ ਵੀ ਪੋਰਟਲ ਤੇ ਆਨਲਾਈਨ ਹੈ। ਕਿਸੇ ਪ੍ਰਕਾਰ ਦੇ ਚੈੱਕ ਜਾਂ ਡਰਾਫ਼ਟ ਦੀ ਲੋੜ ਨਹੀਂ ਹੈ। ਵਿਭਾਗ ਦੀਆਂ ਵੱਖ-ਵੱਖ ਸੇਵਾਵਾਂ ਲਈ ਸਮਾਂ-ਸੀਮਾ ਨਿਸ਼ਚਿਤ ਕਰ ਦਿੱਤੀ ਗਈ ਹੈ। ਜੇਕਰ ਕੋਈ ਮਨਜ਼ੂਰੀ ਨਿਸ਼ਚਿਤ ਸਮਾਂ-ਸੀਮਾ ਦੇ ਅੰਦਰ ਨਹੀਂ ਦਿੱਤੀ ਗਈ ਤਾਂ ਉਹ ਡੀਮਡ ਪ੍ਰਵਾਨਗੀ ਮੰਨੀ ਜਾਵੇਗੀ।

ਉਸਾਰੀ ਅਤੇ ਹੋਰ ਸਬੰਧਿਤ ਕੰਮ ਕਰਨ ਵਾਲੇ ਕਿਰਤੀਆਂ ਦੀ ਭਲਾਈ ਲਈ ਬਣੇ ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਸਬੰਧੀ ਜਾਣਕਾਰੀ ਸਾਂਝੇ ਕਰਦੇ ਹੋਏ ਸਕੱਤਰ ਆਈ. ਏ. ਐਸ. ਮਨਵੇਸ਼ ਸਿੰਘ ਸਿੱਧੂ ਨੇ ਦੱਸਿਆ ਕਿ ਉਸਾਰੀ ਅਤੇ ਹੋਰ ਸਬੰਧਿਤ ਕੰਮ ਕਰਨ ਵਾਲੇ ਕਿਰਤੀ ਸੇਵਾ ਕੇਂਦਰ ਵਿਚ ਜਾ ਕੇ ਰਜਿਸਟਰਨ ਲਈ ਅਰਜ਼ੀ ਭਰ ਸਕਦੇ ਹਨ। ਇਹ ਵੀ ਜਾਣਕਾਰੀ ਦਿੱਤੀ ਗਈ ਕਿ ਕੋਈ ਵੀ ਵਿਅਕਤੀ ਮੋਬਾਈਲ ਫ਼ੋਨ ਤੇ ਕਿਰਤੀ ਸਹਾਇਕ ਐਪ ਡਾਊਨਲੋਡ ਕਰਕੇ 5 ਕਿਰਤੀਆਂ ਦੀ ਰਜਿਸਟਰੇਸ਼ਨ ਅਪਲਾਈ ਕਰ ਸਕਦਾ ਹੈ। ਇਸ ਰਜਿਸਟਰੇਸ਼ਨ ਲਈ ਲੋੜੀਂਦੇ ਫਾਰਮਾਂ ਨੂੰ ਸਰਲ ਕਰ ਦਿੱਤਾ ਗਿਆ ਹੈ। ਫਾਰਮ ਨੰਬਰ 27 ਨੂੰ ਤਸਦੀਕ ਕਰਨ ਲਈ ਕਾਫ਼ੀ ਅਥਾਰਟੀਜ ਨੂੰ ਅਧਿਕਾਰ ਦਿੱਤਾ ਗਿਆ ਹੈ। ਇਹ ਵੀ ਜਾਣਕਾਰੀ ਦਿੱਤੀ ਗਈ ਕਿ ਇਹ ਰਜਿਸਟਰੇਸ਼ਨ ਅਧਾਰ ਕਾਰਡ ਲਿੰਕ ਹੋਣ ਕਾਰਨ ਕਿਰਤੀ ਦੇ ਵੇਰਵੇ ਅਧਾਰ ਕਾਰਡ ਅਥਾਰਟੀ ਤੋਂ ਅਧਾਰ ਨੰਬਰ ਪਾਉਣ ਤੇ ਆਪਣੇ-ਆਪ ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੇ ਪੋਰਟਲ ਤੇ ਆ ਜਾਂਦੇ ਹਨ।




ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ। ਇਸ ਬੋਰਡ ਦੀ ਸਿਹਤ ਬੀਮਾ ਯੋਜਨਾ ਦੇ ਸਬੰਧ ਵਿਚ ਜਾਣਕਾਰੀ ਦਿੱਤੀ ਗਈ ਕਿ ਬੋਰਡ ਕੋਲ ਰਜਿਸਟਰਡ ਕਿਰਤੀਆਂ ਨੂੰ ਐਯੂਸ਼ਮਾਨ ਭਾਰਤ ਸਕੀਮ ਅਧੀਨ ਫ਼ਰੀ ਇਲਾਜ ਕਰਵਾ ਸਕਦੇ ਹਨ। ਪੰਜਾਬ ਕਿਰਤ ਵੈੱਲਫੇਅਰ ਫ਼ੰਡ ਐਕਟ 1965 ਦੇ ਪ੍ਰਵਧਾਨਾਂ ਅਨੁਸਾਰ ਫ਼ੰਡ ਵਿਚ ਅੰਸ਼ਦਾਨ ਕਰਨ ਲਈ ਕਿਰਤ ਵਿਭਾਗ ਦੇ ਪੋਰਟਲ ਤੇ ਬਣੀ ਵਿਵਸਥਾ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਕਿ ਅਦਾਰੇ ਦੇ ਮਾਲਕ/ਪ੍ਰਬੰਧਕ ਕਿਸ ਪ੍ਰਕਾਰ ਕਿਰਤ ਵਿਭਾਗ ਦੇ ਪੋਰਟਲ ਤੇ ਰਜਿਸਟਰ ਹੋ ਕੇ ਫ਼ੰਡ ਜਮ?ਾ ਕਰਵਾ ਸਕਦੇ ਹਨ ਅਤੇ ਰਿਟਰਨ ਫਾਈਲ ਕਰ ਸਕਦੇ ਹਨ। ਇਹ ਵੀ ਜਾਣਕਾਰੀ ਦਿੱਤੀ ਗਈ ਕਿ ਕਿਰਤੀ ਲਈ ਭਲਾਈ ਸਕੀਮ ਵੀ ਪੋਰਟਲ ਤੇ ਅਪਲਾਈ ਕੀਤੀ ਜਾਣੀ ਹੈ। ਪੰਜਾਬ ਕਿਰਤ ਵੈੱਲਫੇਅਰ ਬੋਰਡ ਦੀਆਂ ਸਕੀਮਾਂ ਅਤੇ ਉਨ੍ਹਾਂ ਤਹਿਤ ਮਿਲਣ ਵਾਲੇ ਲਾਭ ਬਾਬਤ ਸਾਰੇ ਮੈਂਬਰਾਨ ਨੂੰ ਜਾਣੂ ਕਰਵਾਇਆ ਗਿਆ। ਸਾਰੇ ਹਾਜ਼ਰ ਮੈਂਬਰਾਨ ਨੂੰ ਅਪੀਲ ਕੀਤੀ ਗਈ ਕਿ ਉਹ ਵੱਧ ਤੋਂ ਵੱਧ ਕਿਰਤੀਆਂ ਦਾ ਫ਼ੰਡ ਬੋਰਡ ਕੋਲ ਜਮ?ਾ ਕਰਵਾਉਣ ਉਪਰੰਤ ਸਕੀਮਾਂ ਅਪਲਾਈ ਕਰਨ। ਇਹ ਵੀ ਅਪੀਲ ਕੀਤੀ ਗਈ ਕਿ ਅਦਾਰਿਆਂ ਵਿਚ ਜਾਗਰੂਕਤਾ ਕੈਂਪ ਲਗਾਏ ਜਾਣ ਤਾਂ ਜੋ ਵੱਧ ਤੋ ਵੱਧ ਕਿਰਤੀ ਸਕੀਮਾਂ ਦਾ ਲਾਭ ਲੈ ਸਕਣ। ਫ਼ੈਕਟਰੀਆਂ ਦੇ ਨਕਸ਼ੇ ਅਤੇ ਲਾਇਸੰਸਾ ਸਬੰਧੀ ਆਉਂਦੀਆਂ ਮੁਸ਼ਕਲਾਂ ਦੇ ਸਬੰਧ ਵਿਚ ਦੱਸਿਆ ਗਿਆ ਕਿ ਕਿਰਤ ਵਿਭਾਗ ਵੱਲੋਂ ਮਿਤੀ 21-05-25 ਨੂੰ ਨਕਸ਼ਿਆਂ ਸਬੰਧੀ ਸੈਲਫ ਸਰਟੀਫੀਕੇਸ਼ਨ ਦੀ ਵਿਵਸਥਾ ਕਰ ਦਿੱਤੀ ਗਈ ਹੈ ਜਿਸ ਰਾਹੀ ਇਮਪੈਨਲਡ ਆਰਕੀਟੈਕਟ ਹੁਣ ਨਕਸ਼ਾ ਮੋਹਰ ਲਗਾ ਕੇ ਸਰਟੀਫਾਈ ਕਰਕੇ ਵਿਭਾਗ ਕੋਲ ਜਮ?ਾ ਕਰੇਗਾ। ਜੋ ਅਦਾਰੇ ਮਿਤੀ 12-06-2018 ਤੋਂ ਪਹਿਲਾਂ ਤੋ ਚੱਲ ਰਹੇ ਹਨ ਉਨ੍ਹਾਂ ਅਦਾਰਿਆਂ ਨੂੰ ਰਾਹਤ ਦਿੰਦੇ ਹੋਏ ਮਕਾਨ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਜਾਰੀ ਨੋਟੀਫ਼?ਕੇਸ਼ਨ 29 ਅਪ੍ਰੈਲ 2025 ਰਾਹੀਂ ਪੰਜਾਬ ਅਰਬਨ ਪਲਾਨਿੰਗ ਐਂਡ ਡਿਵੈਲਪਮੈਂਟ ਰੂਲਜ਼ 2021 ਤੋਂ ਛੋਟ ਦਿੱਤੀ ਗਈ ਹੈ।

ਮੀਟਿੰਗ ਵਿਚ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਫੈਕਟਰੀਜ ਐਕਟ 1948 ਅਧੀਨ ਹੁਣ ਸਟੇਬਲਿਟੀ ਸਰਟੀਫਿਕੇਟ ਵਿਭਾਗ ਤੋਂ ਮਨਜ਼ੂਰ ਕਰਵਾਉਣ ਦੀ ਜ਼ਰੂਰਤ ਨਹੀਂ ਹੈ ਸਿਰਫ਼ ਪੋਰਟਲ ਤੇ ਸਬਮਿਟ ਕੀਤਾ ਜਾਣਾ ਹੈ। ਮੈਂਬਰਾਨ ਨੂੰ ਜਾਣੂ ਕਰਵਾਇਆ ਗਿਆ ਕਿ ਫੈਕਟਰੀਜ ਐਕਟ 1948 ਅਧੀਨ ਲਾਇਸੰਸ ਰੀਨਿਊ ਕਰਨ ਸਮੇਂ ਬਿਲਡਿੰਗ ਬਾਈ-ਲਾਅਜ ਅਤੇ ਫਾਈਰ ਐਨ ਓ ਸੀ ਦੀ ਸ਼ਰਤ ਹਟਾ ਦਿੱਤੀ ਗਈ ਹੈ। ਮੀਟਿੰਗ ਵਿਚ ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਕਿ ਛੋਟੇ ਵਪਾਰੀਆਂ ਨੂੰ ਰਾਹਤ ਦਿੰਦੇ ਹੋਏ ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ ਐਕਟ 1958 ਵਿਚ ਮੰਤਰੀ ਮੰਡਲ ਵੱਲੋਂ ਮਨਜ਼ੂਰੀ ਦੇ ਦਿੱਤੀ ਹੈ।

ਮੀਟਿੰਗ ਸਨਅਤਕਾਰਾਂ ਦੇ ਸ਼ੰਕੇ ਦੂਰ ਕਰਨ ਲਈ ਸਵਾਲਾਂ ਦੇ ਜਵਾਬ ਦਿੱਤੇ ਗਏ। ਇਸ ਸਵਾਲ-ਜਵਾਬ ਸੈਸ਼ਨ ਦੌਰਾਨ ਦੱਸਿਆ ਗਿਆ ਕਿ ਅਸੰਗਿਠਤ ਖੇਤਰ ਵਿਚ ਕੰਮ ਕਰ ਰਹੇ ਕਿਰਤੀ ਭਾਰਤ ਸਰਕਾਰ ਈ-ਸ਼ਰਮ ਪੋਰਟਲ ਤੇ ਰਜਿਸਟਰ ਹੋ ਸਕਦੇ ਹਨ। ਇੱਕ ਹੋਰ ਸਵਾਲ ਦੇ ਸੰਦਰਭ ਵਿਚ ਦੱਸਿਆ ਗਿਆ ਕੋਈ ਵੀ ਕਿਰਤੀ ਵਿਭਾਗ ਦੇ ਪੋਰਟਲ ਤੇ ਉਪਲਬਧ ਲਿੰਕ ਤੇ ਅਪਣਾ ਰਜਿਸਟਰਡ ਮੋਬਾਈਲ ਨੰਬਰ ਜਾਂ ਅਧਾਰ ਨੰਬਰ ਪਾ ਕੇ ਪੰਜਾਬ ਕਿਰਤ ਵੈੱਲਫੇਅਰ ਬੋਰਡ ਤੇ ਭਲਾਈ ਸਕੀਮ ਦੀ ਲੰਬਿਤਤਾ ਦੇਖ ਸਕਦਾ ਹੈ। ਭਲਾਈ ਸਕੀਮਾਂ ਤਹਿਤ ਲਾਭ ਨਾ ਮਿਲਣ ਦੇ ਸਵਾਲ ਦੇ ਸਬੰਧ ਵਿਚ ਦੱਸਿਆ ਗਿਆ ਹੈ ਕਿ ਜੋ ਅਰਜ਼ੀ ਸਕੀਮ ਦੀ ਸ਼ਰਤ ਪੂਰੀ ਕਰਦੀ ਹੈ ਉਸ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਭਲਾਈ ਸਕੀਮਾਂ ਤਹਿਤ ਲਾਭ ਸਮੇਂ ਸਿਰ ਦੇਣ ਦੇ ਮਕਸਦ ਨਾਲ ਵੱਖ-ਵੱਖ ਪੱਧਰ ਤੇ ਸਮਾਂ ਸੀਮਾ ਨਿਸ਼ਚਿਤ ਕੀਤੀ ਗਈ ਹੈ ਤਾਂ ਜੋ ਦੇਰੀ ਦੀ ਜਵਾਬ-ਦੇਹੀ ਫਿਕਸ ਕੀਤੀ ਜਾ ਸਕੇ। ਨਕਸ਼ਿਆਂ ਸਬੰਧੀ ਦੱਸਿਆ ਕਿ ਡਾਇਰੈਕਟਰ ਆਫ਼ ਫੈਕਟਰੀਜ ਪੰਜਾਬ ਹੁਣ ਫੈਕਟਰੀਜ ਐਕਟ ਅਤੇ ਪੰਜਾਬ ਰਿਜਨਲ, ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ 1995 ਤਹਿਤ ਅਥਾਰਟੀ ਹਨ ਅਤੇ ਦੋਨੋਂ ਐਕਟਾਂ ਦਾ ਸਾਂਝਾ ਨਕਸ਼ਾ ਪੋਰਟਲ ਦੇ ਰਾਹੀਂ ਪਾਸ ਹੁੰਦਾ ਹੈ।

## ਸ਼੍ਰੋਮਣੀ ਅਕਾਲੀ ਦਲ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਸਰਕਾਰੀ ਖ਼ਰਚੇ 'ਤੇ 'ਆਪ' ਉਮੀਦਵਾਰ ਦੇ ਪ੍ਰਚਾਰ ਖਿਲਾ.ਫ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ; ਦੋਸ਼ੀ ਅਧਿਕਾਰੀਆਂ ਅਤੇ ਵਿਧਾਇਕ 'ਤੇ ਤੁਰੰਤ ਕਾਰਵਾਈ ਦੀ ਮੰਗ

**ਤਰਨ ਤਾਰਨ** - ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਬੇਸ਼ਰਮੀ ਨਾਲ ਦੁਰਵਰਤੋਂ ਕਰਨ ਦਾ ਗੰਭੀਰ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਇਸ ਮਾਮਲੇ ਵਿੱਚ ਮੁੱਖ ਚੋਣ ਅਫ਼ਸਰ, ਪੰਜਾਬ ਕੋਲ ਇੱਕ ਰਸਮੀ ਸ਼ਿਕਾਇਤ ਦਰਜ ਕਰਵਾਉਂਦਿਆਂ ਚੋਣ ਜ਼ਾਬਤੇ ਦੀ ਇਸ ਘੋਰ ਉਲੰਘਣਾ ਲਈ ਜ਼ਿੰਮੇਵਾਰ ਸਰਕਾਰੀ ਅਧਿਕਾਰੀਆਂ ਅਤੇ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।



ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, ÷ਇਹ ਬਹੁਤ ਹੀ ਹੈਰਾਨੀਜਨਕ ਅਤੇ ਨਿੰਦਣਯੋਗ ਹੈ ਕਿ ਜਿਸ ਆਮ ਆਦਮੀ ਪਾਰਟੀ ਨੇ ਬਦਲਾਅ ਅਤੇ ਸਾਫ਼-ਸੁਥਰੀ ਰਾਜਨੀਤੀ ਦੇ ਨਾਂਅ 'ਤੇ ਲੋਕਾਂ ਤੋਂ ਵੋਟਾਂ ਲਈਆਂ, ਅੱਜ ਉਹੀ ਸੱਤਾ ਦੇ ਨਸ਼ੇ ਵਿੱਚ ਲੋਕਤੰਤਰ ਦੇ ਸਿਧਾਂਤਾਂ ਨੂੰ ਪੈਰਾਂ ਹੇਠ ਲਿਤਾੜ ਰਹੀ ਹੈ। ਸਰਕਾਰੀ ਵਿਭਾਗਾਂ ਨੂੰ ਪਾਰਟੀ ਦੇ ਪ੍ਰਚਾਰ ਲਈ ਵਰਤਣਾ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਪੰਜਾਬ ਦੇ ਲੋਕਾਂ ਨਾਲ ਸਿੱਧਾ ਧੋਖਾ ਹੈ।

ਸ੍ਰ. ਬ੍ਰਹਮਪੁਰਾ ਨੇ ਆਪਣੀ ਸ਼ਿਕਾਇਤ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਦੇ ਸਰਕਾਰੀ ਲੋਕ ਸੰਪਰਕ ਵਿਭਾਗ (ਡੀ.ਪੀ.ਆਰ) ਨੇ ਆਪਣੇ ਅਧਿਕਾਰਤ ਪੱਧਰ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਲਈ ਚੋਣ ਪ੍ਰਚਾਰ ਕਰਦਿਆਂ ਇੱਕ ਪ੍ਰੈਸ ਨੋਟ ਜਾਰੀ ਕੀਤਾ। ਇਸ ਪ੍ਰੈਸ ਨੋਟ ਵਿੱਚ ਖਡੂਰ ਸਾਹਿਬ ਤੋਂ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ 'ਆਪ' ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ ਹੈ।

ਉਨ੍ਹਾਂ ਕਿਹਾ, 'ਇਹ ਸੱਤਾ ਦੀ ਬੇਮਿਸਾਲ ਦੁਰਵਰਤੋਂ ਹੈ। ਚੋਣ ਕਮਿਸ਼ਨ ਦਾ ਨਿਯਮ ੭99 ਸਪੱਸ਼ਟ ਤੌਰ 'ਤੇ ਸੱਤਾਧਾਰੀ ਪਾਰਟੀ ਨੂੰ ਸਰਕਾਰੀ ਖਰਚੇ 'ਤੇ ਮੀਡੀਆ ਦੀ ਵਰਤੋਂ ਕਰਕੇ ਆਪਣਾ ਪ੍ਰਚਾਰ ਕਰਨ ਤੋਂ ਵਰਜਦਾ ਹੈ। ਪਰ 'ਆਪ' ਸਰਕਾਰ ਨੇ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਸਰਕਾਰੀ ਡੀ.ਪੀ.ਆਰ. ਦਫ਼ਤਰ ਨੂੰ ਹੀ ਆਪਣਾ ਪ੍ਰਚਾਰ ਵਿੰਗ ਬਣਾ ਲਿਆ ਹੈ। ਭਾਵੇਂ ਬਾਅਦ ਵਿੱਚ ਉਨ੍ਹਾਂ ਨੇ ਸੋਸ਼ਲ ਮੀਡੀਆ ਤੋਂ ਇਹ ਪੋਸਟ ਹਟਾ ਦਿੱਤੀ, ਪਰ ਉਦੋਂ ਤੱਕ ਅਸੀਂ ਸਾਰੇ ਸਬੂਤ ਇਕੱਠੇ ਕਰ ਲਏ ਸਨ, ਅਤੇ ਇਹੀ ਪ੍ਰੈਸ ਨੋਟ ਕਈ ਪ੍ਰਮੁੱਖ ਅਖ਼ਬਾਰਾਂ ਵਿੱਚ ਵੀ ਛਪ ਚੁੱਕਾ ਹੈ।

ਅਕਾਲੀ ਆਗੂ ਨੇ ਚੋਣ ਕਮਿਸ਼ਨ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਇਸ ਗੰਭੀਰ ਉਲੰਘਣਾ ਦਾ ਤੁਰੰਤ ਨੋਟਿਸ ਲਵੇ ਅਤੇ ਤਰਨ ਤਾਰਨ ਦੇ ਡੀ.ਪੀ.ਆਰ. ਦਫ਼ਤਰ ਦੇ ਦੋਸ਼ੀ ਅਧਿਕਾਰੀਆਂ ਖ਼?ਲਾਫ਼ ਸਖ਼ਤ ਵਿਭਾਗੀ ਅਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੀ ਭੂਮਿਕਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਦੇ ਚੋਣ ਪ੍ਰਚਾਰ ਕਰਨ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ, ਤਾਂ ਜੋ ਲੁਧਿਆਣਾ ਪੱਛਮੀ ਵਿੱਚ ਨਿਰਪੱਖ ਅਤੇ ਆਜ਼ਾਦ ਚੋਣਾਂ ਨੂੰ ਯਕੀਨੀ ਬਣਾਇਆ ਜਾ ਸਕੇ।

# ਪਟਿਆਲਾ ਪੁਲਿਸ ਦਾ ਬਦਮਾਸ਼ ਨਾਲ ਮੁਕਾਬਲਾ, ਸਨਸਨੀ.ਖ਼ੇਜ਼ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ 'ਚ ਸੀ ਗੋਲਡੀ ਢਿੱਲੋਂ ਗੈਂਗ ਦਾ ਮੈਂਬਰ

## ਪਟਿਆਲਾ ਪੁਲਿਸ ਵੱਲੋਂ ਸਾਧੂ ਬੇਲਾ ਰੋਡ 'ਤੇ ਦੁਵੱਲੀ ਗੋਲੀਬਾਰੀ ਮਗਰੋਂ ਬਦਨਾਮ ਗੈਂਗਸਟਰ ਗ੍ਰਿ.ਫਤਾਰ

**ਪਟਿਆਲਾ - (ਅਮਨ ਸਿੱਧੂ ਮੱਲੇਵਾਲ)**

ਪਟਿਆਲਾ ਪੁਲਿਸ ਦੇ ਸੀਆਈਏ ਸਟਾਫ ਨੇ ਅੱਜ ਇੱਥੇ ਅਰਬਨ ਅਸਟੇਟ ਵਿਖੇ ਸਾਧੂ ਬੇਲਾ ਰੋਡ 'ਤੇ ਦੁਵੱਲੀ ਗੋਲੀਬਾਰੀ ਮਗਰੋਂ ਗੋਲਡੀ ਢਿੱਲੋਂ ਗੈਂਗ ਨਾਲ ਜੁੜੇ ਇੱਕ ਬਦਨਾਮ ਗੈਂਗਸਟਰ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਮੌਕੇ ਮੁਕਾਬਲੇ ਵਾਲੀ ਜਗ?ਾ ਦਾ ਜਾਇਜ਼ਾ ਲੈਂਦਿਆਂ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪਟਿਆਲਾ ਪੁਲਿਸ ਵੱਲੋਂ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਤੇ ਡੀਆਈਜੀ ਪਟਿਆਲਾ ਰੇਂਜ ਡਾ ਨਾਨਕ ਸਿੰਘ ਦੀ ਨਿਗਰਾਨੀ ਹੇਠ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਵਰਤੀ ਜਾ ਰਹੀ ਹੈ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਰੁਣ ਸ਼ਰਮਾ ਨੇ ਗੈਂਗਸਟਰ ਦੀ ਪਛਾਣ ਦਾ ਖੁਲਾਸਾ ਕੀਤਾ ਕਿ 27 ਸਾਲਾ ਸੰਨੀ ਕੁਮਾਰ ਉਰਫ ਤਾਰੀ ਪੁੱਤਰ ਅਸ਼ੋਕ ਕੁਮਾਰ ਵਾਸੀ ਸ਼ਹੀਦ ਭਗਤ ਸਿੰਘ ਕਲੋਨੀ ਨੇੜੇ ਰਾਜਪੁਰਾ ਕਲੋਨੀ ਪਟਿਆਲਾ, ਬਾਰੇ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਉਹ ਕਿਸੇ ਪਟਿਆਲਾ ਇਲਾਕੇ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਹੈ।

ਐਸਐਸਪੀ ਨੇ ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸ਼ਾਮ ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ ਵਿੱਚ ਐਸਪੀ ਇਨਵੈਸਟੀਗੇਸ਼ਨ ਗੁਰਬੰਸ ਸਿੰਘ ਬੈਂਸ ਅਤੇ ਡੀਐਸਪੀ ਰਾਜੇਸ਼ ਮਲਹੋਤਰਾ ਦੀ ਅਗਵਾਈ ਹੇਠ ਇੰਚਾਰਜ ਸੀਆਈਏ ਪਟਿਆਲਾ ਪ੍ਰਦੀਪ ਸਿੰਘ ਬਾਜਵਾ ਦੀ ਇੱਕ ਟੀਮ ਨੇ ਚੋਰੀ ਦੇ ਮੋਟਰਸਾਈਕਲ 'ਤੇ ਜਾ ਰਹੇ ਸੰਨੀ ਕੁਮਾਰ ਦਾ ਸਾਧੂ ਬੇਲਾ ਰੋਡ 'ਤੇ ਪਿੱਛਾ ਕੀਤਾ ਤਾਂ ਸੀਆਈਏ ਸਟਾਫ ਪੁਲਿਸ ਘੇਰੇ ਵਿੱਚ ਆਏ ਅਪਰਾਧੀ ਨੇ 32 ਬੋਰ ਦੇ ਨਾਜਾਇਜ਼ ਪਿਸਟਲ ਨਾਲ ਪੁਲਿਸ ਉੱਪਰ ਗੋਲੀ ਚਲਾਉਂਦਿਆਂ ਚਾਰ ਫਾਇਰ ਕੀਤੇ।

ਐਸ ਐਸ ਪੀ ਨੇ ਦੱਸਿਆ ਕਿ ਪਰੰਤੂ ਪੁਲਿਸ ਪਾਰਟੀ ਨੇ ਮਿਸਾਲੀ ਬਹਾਦਰੀ ਤੇ ਸੰਜਮ ਦਿਖਾਇਆ ਅਤੇ ਦੋਸ਼ੀ ਦੀ ਲੱਤ 'ਤੇ ਗੋਲੀ ਲੱਗੀ, ਜਿਸ ਮਗਰੋਂ ਉਸ ਨੂੰ ਮੌਕੇ ਤੋਂ ਕਾਬੂ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਕੋਲੋਂ ਚੋਰੀ ਦਾ ਮੋਟਰਸਾਈਕਲ ਅਤੇ ਪਿਸਟਲ ਤੇ ਤਿੰਨ ਕਾਰਤੂਸ ਬਰਾਮਦ ਕੀਤੇ ਗਏ ਹਨ।

ਐਸਐਸਪੀ ਨੇ ਐਸ ਪੀ ਜਾਂਚ ਗੁਰਬੰਸ ਸਿੰਘ ਬੈਂਸ ਤੇ ਇੰਸਪੈਕਟਰ ਪਰਦੀਪ ਬਾਜਵਾ ਦੀ ਬਹਾਦਰੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਦੀ ਤੁਰੰਤ ਕੀਤੀ ਕਾਰਵਾਈ ਨਾਲ ਪਟਿਆਲਾ ਜਿਲ੍ਹੇ ਵਿੱਚ ਕੋਈ ਸਨਸਨੀਖ਼ੇਜ਼ ਵਾਰਦਾਤ ਵਾਪਰਨ ਤੋਂ ਟਲ ਗਈ ਉਨ੍ਹਾਂ ਕਿਹਾ ਕਿ ਸੰਨੀ ਕੁਮਾਰ ਪਿਛਲੇ ਦੋ ਸਾਲਾਂ ਤੋਂ ਗੋਲਡੀ ਢਿੱਲੋਂ ਗੈਂਗ ਨਾਲ ਜੁੜਿਆ ਹੋਇਆ ਹੈ ਅਤੇ ਇਸ ਗੈਂਗ ਨੇ ਪਿਛਲੇ ਸਮੇਂ ਰਾਜਪੁਰਾ ਇਲਾਕੇ ਵਿੱਚ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ।

ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਸੰਨੀ ਕੁਮਾਰ ਤਾਰੀ ਇੱਕ ਕੱਟੜ ਅਪਰਾਧੀ ਹੈ ਜਿਸ 'ਤੇ ਐਨਡੀਪੀਐਸ ਐਕਟ ਸਮੇਤ ਹੋਰ ਕਈ ਮਾਮਲਿਆਂ ਵਿੱਚ 17 ਕੇਸ ਦਰਜ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਤੋਂ ਮੁਕਤ ਸੂਬਾ ਬਣਾਉਣ ਲਈ ਪਟਿਆਲਾ ਪੁਲਿਸ ਗੈਂਗਸਟਰਾਂ ਅਤੇ ਅਪਰਾਧੀਆਂ ਪ੍ਰਤੀ ਜ਼ੀਰੋ ਟਾਲਰੈਂਸ ਦੇ ਆਪਣੇ ਦ੍ਰਿਸ਼ਟੀਕੋਣ ਪ੍ਰਤੀ ਵਚਨਬੱਧ ਹੈ।

## ਜਾਅਲੀ ਦਸਤਾਵੇਜ਼ਾਂ 'ਤੇ ਸਪੇਨ ਜਾ ਰਹੇ 3 ਪੰਜਾਬੀ ਨੌਜਵਾਨ ਦਿੱਲੀ ਹਵਾਈ ਅੱਡੇ 'ਤੇ ਕਾਬੂ, ਪੁਲਿਸ ਨੇ ਇੱਕ ਏਜੰਟ ਨੂੰ ਵੀ ਕੀਤਾ ਗ੍ਰਿਫ਼ਤਾਰ



**ਚੰਡੀਗੜ੍ਹ।** ਪੁਲਿਸ ਨੇ ਦਿੱਲੀ ਦੇ IGI Airport 'ਤੇ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਜਾਅਲੀ ਦਸਤਾਵੇਜ਼ਾਂ ਅਤੇ ਟਿਕਟਾਂ ਦੀ ਮਦਦ ਨਾਲ ਸਪੇਨ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਜਾਂਚ ਦੌਰਾਨ ਉਨ੍ਹਾਂ ਦੇ ਦਸਤਾਵੇਜ਼ ਜਾਅਲੀ ਪਾਏ ਗਏ। ਪੁਲਿਸ ਨੇ ਇੱਕ ਏਜੰਟ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜਿਸਨੇ ਉਨ੍ਹਾਂ ਦੀ ਜਾਅਲੀ ਯਾਤਰਾ ਦਾ ਪ੍ਰਬੰਧ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਏਜੰਟ ਨੇ ਸਪੇਨ ਵਿੱਚ ਨੌਕਰੀ ਦਿਵਾਉਣ ਦਾ ਵਾਅਦਾ ਕਰਕੇ ਉਨ੍ਹਾਂ ਤੋਂ 17 ਲੱਖ ਰੁਪਏ ਲਏ ਸਨ।

ਗ੍ਰਿਫ਼ਤਾਰ ਏਜੰਟ ਦੀ ਪਛਾਣ ਕਮਲਦੀਪ ਸਿੰਘ (25) ਵਜੋਂ ਹੋਈ ਹੈ, ਜੋ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ। ਉਹ ਕੁਝ ਸਮੇਂ ਤੋਂ ਫਰਾਰ ਸੀ, ਪਰ ਪੁਲਿਸ ਨੇ ਉਸਨੂੰ ਹਰਿਆਣਾ ਦੇ ਕੁਰੂਕਸ਼ੇਤਰ ਤੋਂ ਫੜ ਲਿਆ।

ਪੁਲਿਸ ਅਨੁਸਾਰ ਕਮਲਦੀਪ ਸਿੰਘ, ਇੱਕ ਹੋਰ ਏਜੰਟ ਸੋਨੂੰ ਵਾਲੀਆ, ਜਿਸਨੂੰ ਪਹਿਲਾਂ ਹੀ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ, ਦੇ ਨਾਲ ਮਿਲ ਕੇ ਇਨ੍ਹਾਂ ਤਿੰਨ ਨੌਜਵਾਨਾਂ ਨੂੰ ਜਾਅਲੀ ਦਸਤਾਵੇਜ਼ਾਂ ਨਾਲ ਵਿਦੇਸ਼ ਭੇਜਣ ਦੀ ਕੋਸ਼ਿਸ਼ ਕਰ ਰਿਹਾ ਸੀ।

ਇੱਕ ਅਧਿਕਾਰੀ ਨੇ ਕਿਹਾ, '29 ਮਈ ਨੂੰ, ਅੰਮ੍ਰਿਤਸਰ ਤੋਂ ਤਿੰਨ ਯਾਤਰੀ ਆਈਜੀਆਈ ਹਵਾਈ ਅੱਡੇ 'ਤੇ ਪਹੁੰਚੇ ਅਤੇ ਮੈਡ੍ਰਿਡ (ਸਪੇਨ) ਲਈ ਉਡਾਣ ਫੜਨ ਦੀ ਤਿਆਰੀ ਕਰ ਰਹੇ ਸਨ। ਏਅਰਲਾਈਨ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਟਿਕਟਾਂ ਜਾਅਲੀ ਮਿਲੀਆਂ, ਜਿਸ ਤੋਂ ਬਾਅਦ ਉਨ੍ਹਾਂ ਦੇ ਦਸਤਾਵੇਜ਼ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਭੇਜੇ ਗਏ। ਸਵਿਸ ਸੰਪਰਕ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਦੇ ਪਾਸਪੋਰਟਾਂ 'ਤੇ ਸ਼ੈਂਗੇਨ ਵੀਜ਼ਾ ਜਾਅਲੀ ਸਨ।'

ਸ਼ੈਂਨੇਗਨ ਵੀਜ਼ਾ, ਇੱਕ ਅਜਿਹਾ ਵੀਜ਼ਾ ਹੈ ਜੋ ਗੈਰ-ਯੂਰਪੀਅਨਾਂ ਨੂੰ ਯੂਰਪ ਦੇ ਸ਼ੈਂਨੇਗਨ ਦੇਸ਼ਾਂ ਦੀ ਯਾਤਰਾ ਕਰਨ ਦੀ ਆਗਿਆ ਦਿੰਦਾ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿਚਕਾਰ ਸੁਤੰਤਰ ਯਾਤਰਾ ਕਰਨ ਦੀ ਆਗਿਆ ਦਿੰਦਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰ ਲਈ ਹੈ ਅਤੇ ਪੂਰੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਾਲ ਹੀ, ਏਜੰਟ ਸੋਨੂੰ ਵਾਲੀਆ ਨੂੰ ਫੜਨ ਲਈ ਭਾਲ ਜਾਰੀ ਹੈ ਅਤੇ ਪੂਰੇ ਗਿਰੋਹ ਦੀ ਜਾਂਚ ਕੀਤੀ ਜਾ ਰਹੀ ਹੈ।

## ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮੁਹਾਲੀ ਤੋਂ ਗੁੰਮ ਹੋਈ ਲੜਕੀ ਨੂੰ ਉਸਦੇ ਪਰਿਵਾਰ ਨਾਲ ਮੁੜ ਜੋੜਿਆ

**ਅੰਮ੍ਰਿਤਸਰ/ਮਲਕੀਅਤ ਸਿੰਘ**

ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਬੀਤੇ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਆਪਣੇ ਪਰਿਵਾਰ ਨਾਲ ਨਿਰਾਸ਼ ਹੋ ਕੇ ਘਰ ਛੱਡ ਕੇ ਆਈ ਲੜਕੀ ਨੂੰ ਦੋਵਾਂ ਧਿਰਾਂ ਨਾਲ ਗੱਲਬਾਤ ਕਰਾ ਕੇ ਦੁਬਾਰਾ ਪਰਿਵਾਰ ਨਾਲ ਜੋੜਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅਥਾਰਟੀ ਦੇ ਸਕੱਤਰ ਸ੍ਰੀ ਅਮਰਦੀਪ ਸਿੰਘ ਬੈਂਸ ਨੇ ਦੱਸਿਆ ਕਿ ਬੀਤੇ ਦਿਨ ਸਵੇਰੇ ਲਗਭਗ 11:00 ਵਜੇ ਇਕ ਕੁੜੀ, ਜੋ ਮੋਹਾਲੀ ਦੀ ਰਿਹਾਇਸ਼ੀ ਹੈ, ਜੋ ਚੰਡੀਗੜ੍ਹ ਕਾਲਜ ਦੀ ਵਿਦਿਆਰਥੀ ਹੈ, ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਦਫ਼ਤਰ ਵਿੱਚ ਆਈ। ਉਸਦੇ ਕਹਿਣ ਅਨੁਸਾਰ, ਉਸਨੇ ਦੋ ਦਿਨ ਪਹਿਲਾਂ 02.06.2025 ਨੂੰ ਆਪਣੇ ਮਾਪਿਆਂ ਵੱਲੋਂ ਉਸਨੂੰ ਕੀਤੇ ਜਾ ਰਹੇ ਅਣਚਾਹੇ ਦੁਖਦਾਈ ਵਿਹਾਰ ਦੇ ਕਾਰਨ ਆਪਣੇ ਘਰ ਨੂੰ ਛੱਡ ਦਿੱਤਾ ਸੀ ਅਤੇ 02/03.06.2025 ਦੀ ਦਰਮਿਆਨੀ ਰਾਤ ਦੇ ਦੌਰਾਨ ਨੂੰ ਉਸਨੇ ਅੰਮ੍ਰਿਤਸਰ ਵਿੱਚ ਆਪਣੀ ਸਹੇਲੀ ਦੇ ਘਰ ਵਿੱਚ ਆਸ਼ਰਾ ਲਿਆ ਸੀ। ਉਸ ਤੋਂ ਬਾਅਦ, 03/04.06.2025 ਦੀ ਦਰਮਿਆਨੀ ਰਾਤ ਨੂੰ ਉਸਨੇ ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਆਸ਼ਰਾ ਲਿਆ। ਉਸਨੇ ਹੋਰ ਦੱਸਿਆ ਕਿ ਜਦ ਉਹ ਸਭ ਪਾਸੋ ਬੇਹਾਲ ਪਰੇਸ਼ਾਨ ਹੋ ਗਈ ਅਤੇ ਹਰ ਉਪਰਾਲੇ ਵਿੱਚ ਨਾਕਾਮਯਾਬ ਰਹਿਣ ਤੋਂ ਬਾਅਦ ਉਸਨੂੰ "CHATGPT" ਸਾਫਟਵੇਅਰ ਰਾਹੀ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਬਾਰੇ ਪਤਾ ਲੱਗਾ। ਜਦੋਂ ਉਹ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਫਰੰਟ ਆਫਿਸ ਵਿੱਚ ਪਹੁੰਚੀ, ਤਾਂ ਉਸਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਉਸਦਾ ਸਹਿਯੋਗ ਫਰੰਟ ਆਫਿਸ ਸਟਾਫ਼ ਵੱਲੋਂ ਕੀਤਾ ਗਿਆ ਅਤੇ ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ/ਸੀ.ਜੇ.ਐਮ.,



ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਉਸਦੀ ਮੁਸਕਲਾਂ ਨੂੰ ਸੁਣਿਆ ਗਿਆ ਅਤੇ ਉਸਨੂੰ ਹੌਸਲਾ ਦਿੱਤਾ ਗਿਆ ਕਿ ਉਸਦੀ ਹਰ ਮੁਸ਼ਕਲ ਦਾ ਹੱਲ ਕੀਤਾ ਜਾਵੇਗਾ। ਲੜਕੀ ਵੱਲੋਂ ਉਸਦੇ ਪਰਿਵਾਰ ਵੱਲੋਂ ਕੀਤੇ ਗਏ ਪਰਤਾੜਨਾ ਬਾਰੇ ਦੱਸਿਆ ਗਿਆ ਪਰੰਤੂ ਉਹ ਆਪਣੇ ਮਾਪਿਆਂ ਖ਼ ?ਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਨਾ ਚਾਹੁੰਦੀ ਸੀ । ਪਰ ਉਸ ਵੱਲੋਂ ਬੇਨਤੀ ਕੀਤੀ ਗਈ ਕਿ ਉਹ ਆਪਣੇ ਮਾਤਾ-ਪਿਤਾ ਨਾਲ ਵਿਕਲਪੀ ਸਮਝੌਤੇ ਦੀ ਪਰਕਿਰਿਆ ਮੀਡੀਏਸ਼ਨ ਰਾਹੀਂ ਵਿਵਾਦ ਦਾ ਸਮਝੌਤਾ ਕਰਨਾ ਚਾਹੁੰਦੀ ਹੈ ਅਤੇ ਇਸ ਅਧਾਰ ਉਪਰ ਉਸਨੇ ਲਖਤੀ ਦਰਖਾਸਤ ਦਿੱਤੀ । ਉਸਦੀ ਸ਼ਿਕਾਇਤ ਸੁਣਨ ਤੋਂ ਬਾਅਦ, ਉਸਨੂੰ ਉਸਦੇ ਮਾਤਾ-ਪਿਤਾ ਨਾਲ ਆਨਲਾਈਨ ਮੇਡੀਏਸ਼ਨ ਰਾਹੀ ਸਪੰਰਕ ਕਰਵਾਇਆ ਗਿਆ ਅਤੇ ਕਰੀਬ 3 ਦੇ ਵਿਚਾਰਾਂ ਅਤੇ ਚਰਚਾ ਤੋਂ ਬਾਅਦ, ਇਹ ਮਾਮਲਾ ਸੁਲਝਾ ਲਿਆ ਗਿਆ ਅਤੇ ਲੜਕੀ ਮੋਹਾਲੀ ਵਿੱਚ ਆਪਣੇ ਮਾਤਾ-ਪਿਤਾ ਦੇ ਘਰ ਵਾਪਸ ਜਾਣ ਲਈ ਸਹਿਮਤ ਹੋ ਗਈ। ਉਸਦੇ ਮਾਤਾ-ਪਿਤਾ ਵੀ ਅਪਣੀ ਬੇਟੀ ਨੂੰ ਆਪਣੇ ਘਰ ਵਾਪਸ ਲੈ ਜਾਣ ਲਈ ਸਹਿਮਤ ਹੋ ਗਏ। ਲੜਕੀ ਨੂੰ ਸ਼ ?ਰੀ ਅਮਰਦੀਪ ਸਿੰਘ ਬੈਂਸ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ,ਅੰਮ੍ਰਿਤਸਰ ਦੁਆਰਾ ਉਤਸ਼ਾਹਿਤ ਕੀਤਾ ਗਿਆ ਅਤੇ ਇਸ ਸਮੇ ਦੌਰਾਨ ਉਸਦੇ ਰਹਿਣ ਅਤੇ ਖਾਣ-ਪੀਣ ਅਤੇ ਜਰੂਰੀ ਚੀਜ਼ਾਂ ਵੀ ਮੁਹੱਈਆ ਕਰਵਾਈਆ ਗਈਆਂ। ਜਦ ਤੱਕ ਉਸਦੇ ਮਾਤਾ-ਪਿਤਾ ਮੋਹਾਲੀ ਤੋਂ ਅੰਮ੍ਰਿਤਸਰ ਪਹੁੰਚੇ, ਲੜਕੀ ਨੂੰ ÷ਸਖੀ ਵਨ ਸਟਾਪ ਸੈਂਟਰ÷, ਸਿਵਲ ਹਸਪਤਾਲ, ਅੰਮ੍ਰਿਤਸਰ ਵਿੱਚ ਆਸਰਾ ਪ੍ਰਦਾਨ ਕੀਤਾ ਗਿਆ। ਰਾਤ ਕਰੀਬ 10:30 ਵਜੇ, ਲੜਕੀ ਦੇ ਮਾਤਾ-ਪਿਤਾ ਉਕਤ ਕੇਂਦਰ ਵਿਖੇ ਆਏ ਅਤੇ ਉਹ ਖੁਸ਼ੀ-ਖੁਸ਼ੀ ਆਪਣੀ ਲੜਕੀ ਨੂੰ ਮੋਹਾਲੀ ਵਾਪਿਸ ਲੈ ਗਏ।?

ਇਸ ਤਰੀਕੇ ਨਾਲ, ਜਿਲਾ ਕਾਨੂੰਨੀ ਸੇਵਾਵਾਂ ਅਧਿਕਾਰੀ, ਜੋ ਸ਼ ?ਰੀ ਅਮਰਿੰਦਰ ਸਿੰਘ ਗਰੇਵਾਲ, ਜਿਲਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ, ਜਿਲਾ ਕਾਨੂੰਨੀ ਸੇਵਾਵਾਂ ਅਧਿਕਾਰੀ, ਅੰਮ੍ਰਿਤਸਰ ਦੀ ਯੋਗ ਅਗਵਾਈ ਹੇਠ ਕੰਮ ਕਰ ਰਿਹਾ ਹੈ, ਲੜਕੀ ਨੂੰ ਉਸ ਦੇ ਪਰਿਵਾਰ ਨਾਲ ਮੁੜ ਮਿਲਾਉਣ ਵਿੱਚ ਸਫਲ ਰਿਹਾ।

## ਇਸ ਵੇਲੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਸਾਨੂੰ ਸਭਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ : ਅਵਤਾਰ ਸਿੰਘ ਭੀਖੋਵਾਲ

**ਹੁਸ਼ਿਆਰਪੁਰ - (ਤਰਸੇਮ ਦੀਵਾਨਾ )**ਧਰਤੀ ਉੱਪਰ ਵੱਧ ਰਹੀ ਤਪਸ਼ ਦਾ ਮੇਨ ਕਾਰਨ ਦਰੱਖਤਾਂ ਦੀ ਧੜਾਧੜ ਹੋ ਰਹੀ ਕਟਾਈ ਹੈ ਜਿਸ ਤਰ੍ਹਾਂ ਪਹਿਲਾਂ ਸੜਕਾਂ ਦੇ ਕੱਢਿਆਂ ਤੇ ਬਹੁਤ ਦਰਖਤ ਲੱਗੇ ਹੁੰਦੇ ਸਨ ਪਰ ਸਮੇਂ ਅਨੁਸਾਰ ਸੜਕਾਂ ਨੂੰ ਹਾਈਵੇ ਬਣਾਉਣ ਕਰਕੇ ਮਜ਼ਬੂਰਨ ਕਾਫੀ ਸਾਰੇ ਦਰਖਤਾਂ ਦੀ ਕਟਾਈ ਕਰਨੀ ਪਈ ਪਰ ਇਸਦੇ ਮੁਕਾਬਲੇ ਨਵੇਂ ਪੌਦੇ ਬਹੁਤ ਘੱਟ ਲੱਗ ਰਹੇ ਹਨ ਅਤੇ ਲਗਾਏ ਹੋਏ ਪੌਦਿਆਂ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਖਤਮ ਹੋਈ ਜਾਂਦੇ ਹਨ। ਇਹ ਵਿਚਾਰ ਨਜ਼ਦੀਕੀ ਪਿੰਡ ਭੀਖੋਵਾਲ ਦੇ ਗੁਰਦੁਆਰਾ ਗੁਰੂ ਨਾਨਕ ਚਰਨਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅਵਤਾਰ ਸਿੰਘ ਭੀਖੋਵਾਲ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤੇ ਉਹਨਾਂ ਕਿਹਾ ਕਿ ਇਸ ਕੰਮ ਨੂੰ ਸਹੀ ਰਸਤੇ ਤੇ ਲਿਆਉਣ ਵਾਸਤੇ ਸਾਨੂੰ ਸਾਰਿਆਂ ਨੂੰ ਪੌਦੇ

ਲਗਾਉਣ ਦਾ ਅਤੇ ਉਸ ਦੀ ਸਾਂਭ ਸੰਭਾਲ ਦਾ ਉਪਰਾਲਾ ਜ਼ਰੂਰੀ ਕਰਨਾ ਚਾਹੀਦਾ ਹੈ ਜਿਵੇਂ



ਕਿ ਕਿਸੇ ਦਾ ਜਨਮਦਿਨ ਮਨਾਇਆ ਜਾ ਰਿਹਾ ਹੈ, ਵਿਆਹ ਦੀ ਵਰੇਗੰਢ ਮਨਾਈ ਜਾ ਰਹੀ ਹੈ ਘੱਟ ਤੋਂ ਘੱਟ ਉਸ ਦਿਨ ਨੂੰ ਸਮ ?ਰਪਿਤ ਹੋ ਕੇ ਪੌਦੇ ਲਾਉਣ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਉਹਨਾ ਕਿਹਾ ਕਿ ਇਸ ਵੇਲੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਵੱਧ ਰਹੀ ਗਰਮੀ ਇੱਕ ਗੰਭੀਰ ਤੇ ਚਿੰਤਾ ਵਾਲਾ ਵਿਸ਼ਾ ਹੈ ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਲਗਾਏ ਗਏ ਰੁੱਖਾਂ ਦੀ ਸੰਭਾਲ ਕਰਨੀ ਵੀ ਅਤਿ ਜਰੂਰੀ ਹੈ। ਉਹਨਾਂ ਪਿੰਡਾ ਤੇ ਸਹਿਰਾ ਦੇ ਵਸਨੀਕਾ ਨੂੰ ਜੋਰ ਦੇ ਕਿਹਾ ਵੱਧ ਤੋਂ ਵੱਧ ਪੌਦੇ ਲਗਾਓ ਤਾਂ ਕਿ ਸਾਨੂੰ ਆਕਸੀਜਨ ਦੀ ਕਮੀ ਵੀ ਨਾ ਹੋ ਸਕੇ ਅਤੇ ਰੁੱਖ ਲਗਾਉਣ ਦਾ ਸਹੀ ਅਰਥਾਂ ਵਿੱਚ ਸਾਨੂੰ ਸਭਨੂੰ ਲਾਭ ਵੀ ਹੋ ਸਕੇ ਉਹਨਾਂ ਕਿਹਾ ਸਾਨੂੰ ਆਪਣੀ ਰਿਹਾਇਸ਼ ਅਤੇ ਰਿਹਾਇਸ਼ ਦੇ ਆਲੇ ਦੁਆਲੇ ਨੂੰ ਪੂਰਨ ਤੌਰ ਤੇ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਅਤੇ ਪਿੰਡਾਂ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਰੁੱਖਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਅਜਿਹਾ ਹੋਣ ਨਾਲ ਜਿੱਥੇ ਸਾਡਾ ਆਲਾ ਦੁਆਲਾ ਹਰਿਆ ਭਰਿਆ ਹੋਵੇਗਾ ਉੱਥੇ ਪ੍ਰਦੂਸ਼ਣ ਤੋਂ ਵੀ ਮੁਕਤੀ ਮਿਲੇਗੀ। ਉਹਨਾਂ ਕਿਹਾ ਕਿ ਰੁੱਖ ਲਗਾਉਣਾ ਸਾਡੇ ਜੀਵਨ ਅਤੇ ਵਾਤਾਵਰਣ ਲਈ ਬਹੁਤ ਫਾਇਦੇਮੰਦ ਹੈ। ਸਾਨੂੰ ਰੁੱਖ ਲਗਾ ਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਟਿਕਾਊ ਸੰਸਾਰ ਸਿਰਜਣਾ ਚਾਹੀਦਾ ਹੈ।

## ਹਕੂਮਤ ਵੱਲੋਂ ਸਿੱਖਾਂ ਦੀ ਕੀਤੀ ਨਸਲਕੁਸ਼ੀ ਚ ਦਿੱਤੇ ਜਖਮਾਂ ਦੇ ਦਰਦਾਂ ਨੂੰ ਲੁਕਾਇਆ ਛਪਾਇਆ ਭੁਲਾਇਆ ਨਹੀਂ ਜਾ ਸਕਦਾ, ਸ਼ਹੀਦੀ ਸਮਾਗਮਾਂ ਚ ਵੱਧ ਚੜ੍ਹ ਕਿ ਸੰਗਤਾਂ ਭਰੋ ਹਾਜ਼ਰੀ ਬਾਬਾ ਬਿਬੇਕ ਸਿੰਘ

**ਜੰਡਿਆਲਾ ਗੁਰੂ - ( ਗੁਰਦੇਵ ਸਿੰਘ ਮਨਜੋਤਰਾਂ )** ਗੱਲਬਾਤ ਦੌਰਾਨ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਅਤੇ ਸ੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਤੇ ਐਮ ਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਖਾਲਸਾ ਜੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਭਾਰਤੀ ਹਕੂਮਤ ਵੱਲੋਂ 1 ਜੂਨ 1984 ਨੂੰ ਸਿੱਖਾਂ ਦੇ ਪਵਿੱਤਰ ਅਸਥਾਨ ਸਚਖੰਡ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੀ ਸ਼ੁਰੂਆਤ ਕੀਤੀ ਗਈ ਤੇ ਅਟੈਕ ਦੀ ਸ਼ੁਰੂਆਤ ਮਗਰੋਂ ਪੰਜਾਬ ਬੰਦ ਦਾ ਸੱਦਾ ਦੇਣ ਪਿੱਛੇ ਸਿੱਖ ਵਿਰੋਧੀ ਭਾਰਤੀ ਸਰਕਾਰ ਦੀ ਇੱਕ ਵੱਡੀ ਤੇ ਡੂੰਘੀ ਸਾਜ਼ਿਸ਼ ਸੀ ਕਿਉਂਕਿ ਇਸ ਦਿਨ ਦਰਬਾਰ ਸਾਹਿਬ 'ਚ ਕਿਸੇ ਨੂੰ ਅੰਦਰ ਜਾ ਬਾਹਰ ਨਹੀਂ ਜਾਣ ਦਿੱਤਾ ਗਿਆ ਅਤੇ ਇਸ ਦਿਨ ਪਵਿੱਤਰ ਦਰਬਾਰ ਸਾਹਿਬ ਤੇ 1 ਜੂਨ 1984 ਨੂੰ ਠੀਕ ਦਿਨ ਦੇ 11 ਵਜੇ ਭਾਰਤੀ ਫੌਜ ਨੇ ਦਰਬਾਰ ਸਾਹਿਬ ਅਕਾਲ ਤਖ਼ਤ ਸਾਹਿਬ ਤੇ ਹੋਰ ਬਿਲਡਿੰਗਾਂ ਤੇ ਲਗਾਤਾਰ ਅੱਠ ਘੰਟੇ ਅੰਧਾ ਧੁੰਦ ਫਾਇਰਿੰਗ ਕੀਤੀ ਗਈ ਅਤੇ



ਵੱਡੀਆਂ ਗੰਨਾਂ ਨਾਲ ਕੀਤੇ ਗਏ ਹਮਲੇ ਚ ਦਰਬਾਰ ਸਾਹਿਬ ਦੇ ਅੰਦਰ ਸਾਰੀਆਂ ਇਤਿਹਾਸਕ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ, ਇਥੇ ਹੀ ਬਸ ਨਹੀਂ ?ਸਰਕਾਰ ਵੱਲੋਂ ਵੱਡੀ ਚਲਾਕੀ ਨਾਲ 2 ਜੂਨ ਨੂੰ ਪੰਜਾਬ ਬੰਦ ਦਾ ਸੱਦਾ ਦੇ ਦਿੱਤਾ ਗਿਆ ਤਾਂ ਕਿ ਦਰਬਾਰ ਸਾਹਿਬ ਦੇ ਅੰਦਰੋ ਕਿਸੇ ਨੂੰ ਬਾਹਰ ਨਾ ਜਾਣ ਦਿੱਤਾ ਜਾਵੇ ਤੇ ਬਾਹਰੋਂ ਕਿਸੇ ਨੂੰ ਅੰਦਰ ਨਾਂ ਆਉਣ ਦਿੱਤਾ ਜਾ ਸਕੇ, ਸਰਕਾਰ ਦੀ ਇਹ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਖਤਰਨਾਕ ਪੌਲਸੀ ਸੀ,ਅਤੇ ਸਰਕਾਰ ਦੀ ਸਿੱਖ ਨਸਲਕੁਸ਼ੀ ਕਰਨ ਲਈ ਇਹ ਵੱਡੀ ਸਾਜ਼ਿਸ਼ ਸੀ ,ਇਸੇ ਹੀ ਕਰਕੇ ਸਿੱਖ ਵਿਰੋਧੀ ਸਰਕਾਰ ਨੇ 2 ਜੂਨ 84 ਦੇ ਬੰਦ ਤੋਂ ਉਪਰੰਤ ਦੋ ਜੂਨ ਵਾਲੇ ਬੰਦ ਦੇ ਸੱਦੇ ਨੂੰ ਇੱਕ ਦਮ ਵਾਪਸ ਲੈ ਕੇ 3 ਜੂਨ ਨੂੰ ਪੰਜਾਬ ਪੂਰੀ ਤਰ੍ਹਾਂ ਖੋਲ ਦਿੱਤਾ ਗਿਆ, ਕਿਉਕਿ ਇਸ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਸ਼ਹੀਦੀ



ਦਿਹਾੜਾ ਹੋਣ ਕਰਕੇ ਅਤੇ ਦਰਬਾਰ ਤੇ ਸਰਕਾਰੀ ਅਟੈਕ ਦੇ ਗ਼ੁੱਸੇ ਵਜੋਂ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਪਵਿੱਤਰ ਅਸਥਾਨ ਸਚਖੰਡ ਸ੍ਰੀ ਦਰਬਾਰ ਪਹੁੰਚੀਆਂ ਅਤੇ ਸ਼ਾਮ ਨੂੰ 7 ਵਜੇ ਦੇ ਲਗਭਗ ਭਾਰਤੀ ਫੌਜਾਂ ਨੇ ਗਿਣੀ ਮਿਥੀ ਸਾਜਸ਼ ਤਹਿਤ ਦਰਬਾਰ ਸਾਹਿਬ ਦੀ ਚਾਰੇ ਪਾਸਿਓਂ ਘੇਰਾਬੰਦੀ ਕਰਕੇ ਇੱਕ ਵਾਰ ਫਿਰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ,ਜਿਸ ਦੇ ਸਿੱਟੇ ਵਜੋਂ ਲੱਖਾਂ ਦੀ ਤਾਦਾਦ ਵਿੱਚ ਦਰਬਾਰ ਸਾਹਿਬ ਨਤਮਸਤਕ ਹੋਣ ਆਏਂ ਸਾਰੇ ਸ਼ਰਧਾਲੂਆਂ ਨੂੰ ਬੰਦੀ ਬਣਾ ਲਿਆ ਗਿਆ ਅਤੇ 2 ਜੂਨ 1984 ਦਾ ਇਹ ਦਿਨ ਸਿੱਖ ਨਸਲਕੁਸ਼ੀ ਦੀ ਪਲਾਨਿੰਗ ਵਾਲਾ ਦਿਨ ਕਿਹਾ ਜਾ ਸਕਦਾ ਹੈ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਭਾਰਤੀ ਹਕੂਮਤ ਦੇ ਇਸਾਰੇ ਤੇ ਸੈਕੜੇ ਸਿੰਘਾਂ ਸਿੰਘਣੀਆਂ ਦੁੱਧ ਚੁੰਘਦੇ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਹਕੂਮਤ ਵਲੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦੌਰਾਨ ਦਿੱਤੇ ਗਏ ਜਖਮਾਂ ਦੇ ਦਰਦਾਂ ਨੂੰ ਲੁਕਾਇਆ ਛਪਾਇਆ ਭੁਲਾਇਆ ਨਹੀਂ ਜਾ ਸਕਦਾ ਅਗੇ ਬਾਬਾ ਬਿਬੇਕ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਹੁਣ ਮੌਜੂਦਾ 1 ਜੂਨ ਤੋਂ 6 ਜੂਨ ਤੱਕ ਚੱਲ ਰਹੇ ਘੱਲੂਘਾਰਾ ਦਿਵਸ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵੱਧ ਤੋਂ ਵੱਧ ਗੁਰਬਾਣੀ ਦਾ ਜਾਪ ਕਰਨਾ ਚਾਹੀਦਾ ਹੈ ਅਤੇ 6 ਜੂਨ ਨੂੰ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸ਼ਹੀਦ ਸਿੰਘਾਂ ਦੀਆਂ ਬਖਸਿਸਾਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ !

## ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਪੂਰਬ ਦੀ ਵਿਧਾਇਕ ਮੈਡਮ ਜੀਵਨਜੋਤ ਕੌਰ ਨਾਲ ਗੋਲਡਨ ਗੇਟ ਖੇਤਰ ਵਿੱਚ ਵਿਕਾਸ ਕਾਰਜਾਂ ਦਾ ਨਿਰੀਖਣ ਕੀਤਾ



**ਅੰਮ੍ਰਿਤਸਰ** - ਮਿਊਂਸਿਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਸ਼ਹਿਰ ਵਿੱਚ ਹੋ ਰਹੇ ਵਿਕਾਸ ਕਾਰਜਾਂ 'ਤੇ ਲਗਾਤਾਰ ਨਿਗਰਾਨੀ ਕਰ ਰਹੇ ਹਨ। ਅੱਜ 08 ਜੂਨ 2025 ਨੂੰ ਕਮਿਸ਼ਨਰ ਅਤੇ ਪੂਰਬ ਤੋਂ ਐਮਐਲਏ ਮੈਡਮ ਜੀਵਨਜੋਤ ਕੌਰ ਨੇ ਗੋਲਡਨ ਗੇਟ ਖੇਤਰ ਦਾ ਸਾਂਝਾ ਦੌਰਾ ਕੀਤਾ ਅਤੇ ਉੱਥੇ ਚੱਲ ਰਹੇ ਵਿਕਾਸ ਕਾਰਜਾਂ ਦੀ ਜਾਂਚ ਕੀਤੀ। ਇਹ ਵਿਕਾਸ ਕਾਰਜ ਪਹਿਲਾਂ ਉਹਨਾਂ ਦੁਆਰਾ ਉਦਘਾਟਨ ਕੀਤੇ ਗਏ ਸਨ ਜੋ ਪੂਰਬੀ ਹਲਕੇ ਦੀਆਂ ਕਈ ਕਾਲੋਨੀਆਂ ਨੂੰ ਲਾਭ ਪਹੁੰਚਾਉਣਗੇ। ਐਸ.ਈ. ਸੰਦੀਪ ਸਿੰਘ ਅਤੇ ਹੋਰ ਅਧਿਕਾਰੀ ਵੀ ਉਥੇ ਮੌਜੂਦ ਸਨ।

ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ



ਗੋਲਡਨ ਗੇਟ ਅੰਮ੍ਰਿਤਸਰ ਸ਼ਹਿਰ ਵਿੱਚ ਪ੍ਰਵੇਸ਼ ਕਰਨ ਦਾ ਮੁੱਖ ਦਰਵਾਜ਼ਾ ਹੈ ਅਤੇ ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਗੋਲਡਨ ਟੈਂਪਲ ਅਤੇ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਣ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਗੋਲਡਨ ਗੇਟ ਦੀ ਪੇਂਟਿੰਗ ਦਾ ਕੰਮ ਪਹਿਲਾਂ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਦੇ ਅਧੀਨ 44 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਗਿਆ ਸੀ। ਅੱਜ ਉਨ੍ਹਾਂ ਨੇ ਮੈਡਮ ਜੀਵਨਜੋਤ ਕੌਰ ਦੇ ਨਾਲ ਮਿਲ ਕੇ ਉਸ ਸਥਾਨ ਦਾ ਦੌਰਾ ਕਰਕੇ ਚੱਲ ਰਹੇ ਕੰਮ ਦੀ ਜਾਂਚ ਕੀਤੀ।

ਉਨ੍ਹਾਂ ਗੋਲਡਨ ਗੇਟ ਤੋਂ ਲੈ ਕੇ ਅਲਫਾ ਵਨ ਮਾਲ ਤੱਕ ਦੀ ਮੁੱਖ ਸੜਕ ਅਤੇ ਸੜਕ ਦੇ ਦੋਨੋਂ ਪਾਸਿਆਂ ਦੀ ਸਫਾਈ ਅਤੇ ਘਾਹ-ਝਾੜ ਦੀ ਕਟਾਈ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਸਾਰੇ ਰਸਤੇ ਸਾਫ-ਸੁਥਰੇ ਹੋਣ ਅਤੇ ਕਿਸੇ ਵੀ ਥਾਂ 'ਤੇ ਮਲਬਾ ਜਾਂ ਕੂੜਾ-ਕਰਕਟ ਨਾ ਹੋਵੇ। ਸਾਰੀਆਂ ਸਟਰੀਟ ਲਾਈਟਾਂ ਚਾਲੂ ਹੋਣੀ ਚਾਹੀਦੀਆਂ ਹਨ।

ਕਮਿਸ਼ਨਰ ਨੇ ਭਰੋਸਾ ਦਿਵਾਇਆ ਕਿ ਮਿਊਂਸਿਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੀ ਟੀਮ ਸ਼ਹਿਰ ਦੇ ਨਾਗਰਿਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਦਿਨ-ਰਾਤ ਕੰਮ ਕਰ ਰਹੀ ਹੈ ਅਤੇ ਸ਼ਹਿਰ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

## ਗਰਮੀ ਦੇ ਮੌਸਮ ਵਿੱਚ ਪੰਛੀਆਂ ਅਤੇ ਜਾਨਵਰਾਂ ਦੀ ਪਿਆਸ ਬੁਝਾਉਣ ਲਈ ਲੋਕ ਮਿੱਟੀ ਦੇ ਬਰਤਨਾਂ ਵਿੱਚ ਪਾਣੀ ਭਰ ਕੇ ਰੱਖਣ. ਨਵਿ ਤਾ ਢਿਲਵਾ

**ਕਪੂਰਥਲਾ - (ਜੀ ਐਸ )**

'ਪਾਣੀ ਸਾਡੇ ਜੀਵਨ ਲਈ ਬਹੁਤ ਅਨਮੋਲ ਹੈ, ਗਰਮੀਆਂ ਦੇ ਮੌਸਮ ਵਿੱਚ ਮਨੁੱਖ ਦੇ ਨਾਲ ਨਾਲ ਸਾਰੇ ਪਸ਼ੂ-ਪੰਛੀਆਂ ਨੂੰ ਵੀ ਪਾਣੀ ਦੀ ਬਹੁਤ ਲੋੜ ਹੁੰਦੀਹੈ, ਮਨੁੱਖ ਤਾਂ ਪਾਣੀ ਦਾ ਪ੍ਰਬੰਧ ਕਰ ਲੈਂਦਾ ਹੈ,ਪਰ ਬੇਜੁਬਾਨ ਪਸ਼ੂ ਪੰਛੀਆਂ ਨੂੰ ਅਤਿ ਦੀ ਗਰਮੀਵਿੱਚ ਆਪਣੀ ਪਿਆਸ ਬੁਝਾਉਣ ਲਈ ਦਰ ਦਰ ਭਟਕਣਾ ਪੈਂਦਾ ਹੈ, ਇਹਨਾ ਵਿਚਾਰਾਂ ਦਾ ਪਗਟਾਵਾ ਅੱਜ ਸਮਾਜ ਸੇਵਿਕਾ ਨਵਿਤਾ ਢਿਲਵਾਂ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾ ਦੱਸਿਆ ਕਿ ਕਈ ਵਾਰ ਪਾਣੀ ਨਾ ਮਿਲਣ ਕਰਕੇ ਪੰਛੀ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ। ਪਿੰਡਾਂ ਵਿੱਚ ਜਿੱਥੇ ਲੋਕਾਂ ਕੋਲ ਜਿਆਦਾ ਥਾਂ ਨਾ ਹੋਣ ਕਾਰਣ ਪੰਛੀਆਂ ਦੀ ਪਿਆਸ ਬੁਝਾਉਣ ਲਈ ਪੇਂਡੂ ਮਿੱਟੀ ਦੇ ਭਾਂਡਿਆਂ ਦਾ



ਵਿਸ਼ੇਸ਼ ਇੰਤਜਾਮ ਕਰਦੇ ਹਨ, ਉੱਥੇ ਹੀ ਸਹਿਰਾਂ ਵਿੱਚ ਲੋਕ ਆਪਣੀ ਛੱਤਾਂ ਤੇ ਮਿੱਟੀ ਦੇ ਭਾਂਡੇ ਦੀ ਵਰਤੋਂ ਕਰਦੇ ਹਨ। ਉਹਨਾ ਸਮੂਹ ਸਮਾਜ ਸੇਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗਰਮੀ ਦੇ ਮੌਸਮ ਵਿੱਚ ਪੰਛੀਆਂ ਅਤੇ ਜਾਨਵਰਾਂ ਦੀ ਪਿਆਸ ਬੁਝਾਉਣ ਲਈ ਮਿੱਟੀ ਦੇ ਬਰਤਨਾ ਵਿੱਚ ਪਾਣੀ ਭਰ ਕੇ ਰੱਖਣ।

## ਪੰਜਾਬ ਦਾ ਗ੍ਰਹਿ ਮੰਤਰਾਲਾ ਮੁੱਖ ਮੰਤਰੀ ਦੇ ਕੋਲ ਹੋਣ ਦੇ ਬਾਵਜੂਦ ਵੀ ਪੰਜਾਬ ਵਿੱਚ ਬਾਬਾ ਸਾਹਿਬ ਜੀ ਦੇ ਸਟੈਚੂ ਸੁਰਿਖਅਤ ਨਹੀਂ ਹਨ : ਵਿਸ਼ਵਨਾਥ ਬੰਟੀ

**ਹੁਸ਼ਿਆਰਪੁਰ - (ਤਰਸੇਮ ਦੀਵਾਨਾ )** ਫਿਲੌਰ ਦੇ ਨਜਦੀਕ ਪਿੰਡ ਨੰਗਲ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਸਟੈਂਚੂ ਨੂੰ ਦੂਜੀ ਵਾਰ ਨਿਸ਼ਾਨਾ ਬਣਾ ਕੇ ਉਸ 'ਤੇ ਕਾਲੇ ਰੰਗ ਦੀ ਸਪਰੇਅ ਮਾਰਨ ਦੀ ਘਟਨਾ ਨੇ ਐਸਸੀ ਸਮਾਜ ਨੂੰ ਲਲਕਾਰਿਆ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਉੱਘੇ ਲੀਡਰ ਅਤੇ ਗਊਸ਼ਾਲਾ ਦੇ ਪ੍ਰਧਾਨ ਵਿਸ਼ਵਨਾਥ ਬੰਟੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਇਸ ਘਟਨਾ ਨੇ ਇੱਕ ਵਾਰ ਫਿਰ ਜਿੱਥੇ ਪੁਲਿਸ ਅਤੇ ਸੂਬਾ ਸਰਕਾਰ ਦੇ ਸੁਰੱਖਿਆ ਸਬੰਧੀ ਦਾਅਵਿਆਂ ਦੀ ਪੋਲ ਖੋਲ੍ਹੀ ਹੈ, ਉੱਥੇ ਹੀ ਸਮੁੱਚੇ ਵਿਸ਼ਵ ਭਰ ਦੇ ਅੰਬੇਡਕਰਵਾਦੀ ਭਾਈਚਾਰੇ ਦੀਆ ਭਾਵਨਾਵਾਂ ਨੂੰ ਵੀ ਡੂੰਘੀ ਸੱਟ ਮਾਰੀ ਹੈ। ਉਹਨਾਂ ਕਿਹਾ ਕਿ ਇਸ ਘਟਨਾ ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਡਾ. ਅੰਬੇਡਕਰ ਜੀ ਦਾ ਨਿਰਾਦਰ ਹੋਇਆ ਹੈ। ਉਹਨਾਂ ਕਿਹਾ ਕਿ ਕੁਝ ਵਿਕਾਊ ਸ਼ਰਾਰਤੀ ਅਨਸਰਾਂ ਵਲੋਂ ਇਸ ਘਟਨਾ ਨੂੰ ਗੁਰਪਤਵੰਤ ਸਿੰਘ ਪੰਨੂ ਦੇ ਇਸ਼ਾਰੇ 'ਤੇ ਪੰਜਾਬ 'ਚ ਦੰਗੇ ਭੜਕਾਉਣ ਦੀ ਨੀਯਤ ਨਾਲ ਅੰਜਾਮ ਦਿੱਤਾ ਗਿਆ ਹੈ। ਉਹਨਾਂ ਕਿਹਾ ਪੰਜਾਬ ਅੰਦਰ ਬਾਬਾ ਸਾਹਿਬ



ਦੇ ਸਟੈਂਚੂਆ ਦਾ ਨਿਰਾਦਰ ਹੋਣਾ ਬਹੁਤ ਹੀ ਨਿੰਦਣਯੋਗ ਗੱਲ ਹੈ । ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਾਪਰਨੀਆਂ ਆਪ ਸਰਕਾਰ ਦੇ ਫੇਲ ਹੋਣ ਦੀ ਨਿਸ਼ਾਨੀ ਹੈ। ਉਹਨਾਂ ਕਿਹਾ ਕਿ ਪੰਜਾਬ ਦਾ ਗ੍ਰਹਿ ਮੰਤਰਾਲਾ ਮੁੱਖ ਮੰਤਰੀ ਭਗਵੰਤ ਮਾਨ ਦੇ ਕੋਲ ਹੋਣ ਦੇ ਬਾਵਜੂਦ ਵੀ ਪੰਜਾਬ ਵਿੱਚ ਸਵਿਧਾਨ ਦੇ ਰਚੇਤਾ ਬਾਬਾ ਸਾਹਿਬ ਜੀ ਦੇ ਸਟੇਚੂ ਸੁਰਿਖਅਤ ਨਹੀਂ ਹਨ ਇਸ ਲਈ ਪੰਜਾਬ ਦੇ ਲੋਕ ਮੁੱਖ ਮੰਤਰੀ ਪੰਜਾਬ ਤੋਂ ਅਸਤੀਫ਼ੇ ਦੀ ਮੰਗ ਕਰਦੇ ਹਨ । ਕਿਉਂਕਿ ਉਨ੍ਹਾਂ ਦਾ ਖੁਫ਼ੀਆ ਤੰਤਰ ਇਹੋ ਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਫੇਲ੍ਹ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅੰਦਰ ਐਸਸੀ ਸਮਾਜ ਦੀ ਹਾਲਤ ਤਰਸਯੋਗ ਹੈ। ਦੇਸ਼ ਅੰਦਰ ਜਿੱਥੇ ਭਾਰਤ ਦੇ ਸੰਵਿਧਾਨ ਨੂੰ ਖ਼ਤਰਾ ਹੈ, ਉਥੇ ਹੀ ਬਾਬਾ ਸਾਹਿਬ ਅੰਬੇਡਕਰ ਦੇ ਸਟੈਂਚੁਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਣਾ ਵੀ ਖ਼ਤਰੇ ਦੀ ਘੰਟੀ ਹੈ। ਉਨਾਂ ਕਿਹਾ ਕਥਿਤ ਦੋਸ਼ੀ ਗਿਰਫ਼ਤਾਰ ਨਾ ਹੋਏ ਤਾਂ ਐਸਸੀ ਸਮਾਜ ਨੂੰ ਮਜਬੂਰਨ ਸੜਕਾਂ ਤੇ ਉਤਰਨਾਂ ਪਵੇਗਾ।

## ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ 11 ਜੂਨ ਨੂੰ—ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲੇ

**ਫਿਰੋਜ਼ਪੁਰ - (ਮਨੋਹਰ ਲਾਲ)**

ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ 11 ਜੂਨ ਨੂੰ ਕਰਵਾਏ ਜਾ ਰਹੇ ਹਨ।

ਇਹ ਜਾਣਕਾਰੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਦੱਸਿਆ ਕਿ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ 11 ਜੂਨ 2025 ਦਿਨ



ਬੁੱਧਵਾਰ (ਪੂਰਨਮਾਸੀ ਵਾਲੇ ਦਿਨ ਸਵੇਰੇ 10 ਵਜੇ ਤੋਂ 2 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਦੱਸਿਆ ਕਿ ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ, ਢਾਡੀ, ਕਵੀਸ਼ਰੀ ਅਤੇ ਕਥਾਵਾਚਕ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਤੇ ਭਾਈ ਇਕਬਾਲ ਸਿੰਘ ਲੰਗੇਆਣਾ ਵਾਲੇ, ਭਾਈ ਸਰਬਜੀਤ ਸਿੰਘ ਜੀ ਕਾਕਾ ਫਰੀਦਕੋਟ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੇ ਠੰਡੇ—ਮਿੱਠੇ ਜਲ ਦੀ ਛਬੀਲ ਅਤੇ ਚਾਹ ਦਾ ਲੰਗਰ ਅਤੁੱਟ ਵਰਤਾਏ ਜਾਣਗੇ।

# ਝਬਾਲ ਵਿਖੇ ਬੀਬੀ ਵੀਰੋ ਜੀ ਦਾ ਦੋ ਰੋਜਾ ਸਲਾਨਾਂ ਜੋੜ ਮੇਲਾ ਵਿਆਹ ਪੂਰਬ ਪਹਿਲੇ ਦਿੰਨ ਅਰੰਭ







**ਝਬਾਲ,ਦਲਜੀਤ ਸਿੰਘ ਚੱਡਾ**

ਕਸਬਾ ਝਬਾਲ ਵਿਖੇ ਧੰਨ ਧੰਨ ਹਰਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਦੋ ਰੋਜਾਂ ਸਲਾਨਾਂ ਜੋੜ ਮੇਲਾਂ ਵਿਆਹ ਪੁਰਬ ਹਰ ਸਾਲ ਦੀ ਤਰਾਂ ਇਸ ਵਾਰ ਵੀ ਨਗਰ ਇਲਾਕੇ ਦੇ ਸਹਿਯੋਗ ਨਾਲ ਬੜੀ ਸਰਧਾਂ ਭਾਵਨਾਂ ਨਾਲ ਮਨਾਇਆਂ ਜਾ ਰਿਹਾ ਹੈ।ਪਰਸੋ ਰੋਜ ਤੋ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਸਨ ਉਹਨਾ ਦੇ ਅੱਜ ਭੋਗ ਪਾਏ ਗਏ।ਭੋਗ ਤੋ ਉਪਰੰਤ ਕਥਾਂ ਵਾਚਕ ਗਿਆਨੀ ਹਰਜਿੰਦਰ ਸਿੰਘ ਪਟਿਆਲਾ ਤੇ ਹੋਰ ਕੀਰਤਨੀ ਜੱਥਿਆਂ ਵੱਲੋ ਕਥਾਂ ਕੀਰਤਨ ਕੀਤਾ ਗਿਆ।ਉਪਰੰਤ ਦੀਵਾਨ ਹਾਲ ਵਿੱਚ ਭਾਰੀ ਦੀਵਾਨ ਸਜਾਏ ਗਏ।ਜਿਸ ਵਿੱਚ ਪਹਿਲੇ ਦਿਨ ਢਾਡੀ,ਕਵੀਸਰਾਂ ਨੇ ਬੀਬੀ ਵੀਰੋ ਜੀ ਦੇ ਜੀਵਨ ਇਤਹਾਸ਼ ਸੁਣਾਂ ਕੇ ਸੰਗਤਾ ਨੂੰ ਨਿਹਾਲ ਕੀਤਾ ਉਚੇਚੇ ਤੋਰ ਤੇ

ਸੰਤਾਂ, ਮਹੰਤਾ, ਸਿੰਘ, ਸਾਹਿਬਾਨਾ, ਨੇ ਪਹੁੰਚ ਕੇ ਹਾਜਰੀ ਭਰੀ। ਸਲਾਨਾਂ ਜੋੜ ਮੇਲੇ ਤੇ ਉਚੇਚੇ ਤੌਰ ਤੇ ਕਸਬਾ ਝਬਾਲ ਦੇ ਸੀਨੀਅਰ ਕਾਗਰਸ਼ੀ ਆਗੂ ਵਿਕਰਮ ਸਿੰਘ ਢਿੱਲੋਂ,ਹਲਕਾਂ ਤਰਨਤਾਰਨ ਦੇ ਸੀਨੀਅਰ ਕਾਗਰਸ਼ੀ ਆਗੂ ਕਰਨਬੀਰ ਸਿੰਘ ਬੁਰਜ,ਸਾਬਕਾ ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ,ਪੱਤਰਕਾਰ ਤਜਿੰਦਰ ਸਿੰਘ ਬੱਬੂ,ਕਲਦੀਪ ਸਿੰਘ ਖੈਰਦੀਨ,ਸਾਬਕਾ ਮੈਂਬਰ ਹਰਪਿੰਦਰ ਸਿੰਘ,ਸਾਬਕਾ ਸਰਪੰਚ ਸੁੱਚਾ ਸਿੰਘ,ਸਰਪੰਚ ਗੁਰਚਰਨ ਸਿੰਘ ਖੈਰਦੀਨ, ਨੇ ਹਾਜਰੀ ਭਰੀ।ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂਦੁਆਰਾ ਬੀਬੀ ਵੀਰੋ ਜੀ ਦੇ ਮੈਨੇਜਰ ਹਰਦੇਵ ਸਿੰਘ ਤੇ ਰਸੀਵਰ ਬਲਵਿੰਦਰ ਸਿੰਘ ਨੇ ਗੁਰੂ ਘਰ ਦੀ ਬਖਸਿਸ਼ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਤੇ ਜੀ ਆਇਆਂ ਨੂੰ ਆਖਿਆ।ਇਸ ਮੋਕੇ ਮੈਨੇਜਰ ਗੁਰੂਦੁਆਰਾ ਬੀਬੀ ਵੀਰੋ ਜੀ ਹਰਦੇਵ ਸਿੰਘ,ਰਸੀਵਰ ਬਲਵਿੰਦਰ ਸਿੰਘ ਸਵਰਗਾਪੁਰੀ, ਜਥੇਦਾਰ ਗਰਮੀਤ ਸਿੰਘ ਸਾਹ ਮੈਂਬਰ ਗੁਰੂਦੁਆਰਾ ਲੋਕਲ ਕਮੇਟੀ ਬੀਬੀ ਵੀਰੋ ਜੀ,ਇੰਨਸਪੈਕਟਰ ਕਲਵਿੰਦਰ ਸਿੰਘ ਕਰਮੂਵਾਲਾ, ਅਮਰਿੰਦਰ ਸਿੰਘ ਮਾਣਕ, ਜਸਬੀਰ ਸਿੰਘ ਸਵਰਗਾਪੁਰੀ ਸਾਬਕਾ ਸਰਪੰਚ, ਗੁਰਿੰਦਰ ਸਿੰਘ ਮੈਂਬਰ ਲੋਕਲ ਗੁਰੂਦੁਆਰਾ ਕਮੇਟੀ ਬੀਬੀ ਵੀਰੋ ਜੀ,ਸਾਬਕਾਂ ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ,ਸਾਬਕਾ ਸਰਪੰਚ ਪ੍ਰੀਤਇੰਦਰ ਸਿੰਘ,ਸਾਬਕਾ ਸਰਪੰਚ ਨਰਿੰਦਰ ਪੱਪਾ,ਪੱਤਰਕਾਰ ਸਰਬਜੀਤ ਸਿੰਘ,ਬਾਬਾ ਗੁਰਸੇਵਕ ਸਿੰਘ ਮੁਖੀ ਗੁਰੂਦੁਆਰਾ ਮਾਤਾ ਭਾਗ ਕੌਰ ਜੀ,ਮਨਜਿੰਦਰ ਸਿੰਘ ਲਹਿਰੀ, ਪ੍ਰਚਾਰਕ ਬਲਵਿੰਦਰ ਸਿੰਘ, ਮੱਖਤੂਲ ਸਿੰਘ ਲੀਡਰ,ਅਕਾਸ ਢਿੱਲੋ ਤੇ ਹੋਰ ਬੇਅੰਤ ਸੰਗਤਾਂ ਨੇ ਹਾਜਰੀ ਭਰੀ।ਗੁਰੂ ਕੇ ਲੰਗਰ ਠੰਢੇ ਮਿੱਠੇ ਜਲ ਦੀਆਂ ਸਬੀਲਾਂ ਦਿਨ ਰਾਤ ਅਤੁੱਟ ਵਰਤਾਏ ਜਾ ਰਹੇ ਹਨ।

# ਦਸੂਹਾ ਪੁਲਿਸ ਵੱਲੋ ਐਨ.ਡੀ.ਪੀ.ਐਸ ਐਕਟ ਤਹਿਤ ਇੱਕ ਕਥਿਤ ਦੋਸ਼ੀ ਗ੍ਰਿਫਤਾਰ



**ਹੁਸ਼ਿਆਰਪੁਰ / ਦਸੂਹਾ - ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਏ.ਐਸ.ਆਈ ਸਰਬਜੀਤ ਸਿੰਘ ਨੇ ਮੁਲਜਮ ਹਿੰਮਤ ਸਿੰਘ ਉਰਫ ਬੰਟੀ ਕਸ਼ਵ ਪੁੱਤਰ ਜੋਗਿੰਦਰ ਸਿੰਘ ਵਾਸੀ ਕਸਬਾ ਮੁਹੱਲਾ ਦਸੂਹਾ ਜਿਲਾ ਹੁਸ਼ਿਆਰਪੁਰ ਨੂੰ ਇੱਕ ਨੀਡਲ ਸਰਿੰਜ਼ ਨਾਲ ਨਸ਼ਾ ਕਰਦੇ ਕਾਬੂ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ।ਉਹਨਾਂ ਦੱਸਿਆ ਕਿ ਉਕਤ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸ ਪਾਸੋ ਡੁਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਉਕਤ ਵਿਅਕਤੀ ਨੂੰ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਦਸੂਹਾ ਵਿਖੇ ਦਾਖਲ ਕਰਵਾਇਆ ਜਾਵੇਗਾ।

# ਚੇਅਰਮੈਨ ਜਤਿੰਦਰ ਸਿੰਘ ਬੇਦੀ ਅਤੇ ਪ੍ਰਧਾਨ ਹਰਪਾਲ ਸਿੰਘ ਭੰਗੂ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਦਿੱਤਾ ਮੰਗ ਪੱਤਰ

## ਪੰਜਾਬ ਸਰਕਾਰ ਪੱਤਰਕਾਰਾਂ ਦੀਆਂ ਜਾਇਜ ਮੰਗਾਂ ਨੂੰ ਜਲਦ ਕਰੇ ਪੂਰਾ: ਭੰਗੂ, ਬੇਦੀ, ਰੰਧਾਵਾ, ਨਗੀਨਾ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਗਾਂ ਨੂੰ ਪੂਰਾ ਕਰਨ ਦਾ ਦਿੱਤਾ ਭਰੋਸਾ





**ਸ੍ਰੀ ਅੰਮ੍ਰਿਤਸਰ ਸਾਹਿਬ - (ਬਿਊਰੋ )**- ਮਾਝੇ ਦੀ ਨਾਮਵਰ ਪ੍ਰੈਸ ਸੰਸਥਾ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਦੇ ਚੈਅਰਮੈਨ ਜਤਿੰਦਰ ਸਿੰਘ ਬੇਦੀ ਅਤੇ ਪ੍ਰਧਾਨ ਹਰਪਾਲ ਸਿੰਘ ਭੰਗੂ ਦੀ ਅਗਵਾਈ ਹੇਠ ਪੱਤਰਕਾਰਾਂ ਦੀਆਂ ਪਿਛਲੇ ਕਈ ਸਾਲਾਂ ਤੋਂ ਲੱਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ 'ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਮੰਗ ਪੱਤਰ ਦਿੱਤਾ ਗਿਆ।ਆਪਣੇ ਇਸ ਮੰਗ ਪੱਤਰ ਵਿਚ ਚੇਅਰਮੈਨ ਜਤਿੰਦਰ ਸਿੰਘ ਬੇਦੀ ਅਤੇ ਪ੍ਰਧਾਨ ਹਰਪਾਲ ਸਿੰਘ ਭੰਗੂ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਜਾਣੂ ਕਰਵਾਉਂਦਿਆ ਦੱਸਿਆ ਕਿ ਪੱਤਰਕਾਰਾਂ ਦੀਆਂ ਕਈ ਮੰਗਾਂ ਹਨ, ਜੋ ਪਿਛਲੇ ਕਈ ਸਾਲਾਂ ਤੋਂ ਲੱਟਕਦੀਆਂ ਆ ਰਹੀਆਂ ਹਨ, ਜੋ ਅੱਜ ਤੱਕ ਕਿਸੇ ਵੀ ਸਰਕਾਰ ਨੇ ਪੂਰੀਆ ਨਹੀਂ ਕੀਤੀਆਂ। ਉਨ੍ਹਾਂ ਦੱਸਿਆ ਕਿ ਪੱਤਰਕਾਰ ਭਾਈਚਾਰੇ ਨੂੰ ਪੂਰੀ ਆਸ ਸੀ ਕਿ ਪੰਜਾਬ ਵਿਚ 'ਆਮ ਆਦਮੀ ਪਾਰਟੀ' ਦੀ ਸਰਕਾਰ ਬਨਣ 'ਤੇ ਪੱਤਰਕਾਰਾਂ ਦੀਆਂ ਪਿਛਲੇ ਕਈ ਸਾਲਾਂ ਤੋਂ ਲੱਟਕਦੀਆਂ ਆ ਰਹੀਆਂ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਜਾਣੂ ਕਰਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨੇ ਵੀ ਪੱਤਰਕਾਰਾਂ ਨੂੰ ਬਣਦਾ ਮਾਣ-ਸਤਿਕਾਰ ਅਤੇ ਪੱਤਰਕਾਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ, ਪਰ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਪੱਤਰਕਾਰਾਂ ਦੀਆ ਹੱਕੀ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਮੁਫਤ ਬੱਸ ਸਹੂਲਤ, ਟੋਲ ਪਲਾਜਿਆਂ ਤੋਂ ਰਾਹਤ, ਪੱਤਰਕਾਰਾਂ ਨੂੰ ਮਹੀਨਾਵਾਰ ਭੱਤਾ ਦੇਣਾ, 10 ਲੱਖ ਰੁਪਏ ਦੀ ਐਕਸੀਡੈਂਟਲ ਦੁਰਘਟਨਾ ਬੀਮਾ ਦੀ ਸਹੂਲਤ ਦੇ ਨਾਲ-ਨਾਲ ਹੀ ਡਿਜੀਟਲ ਮੀਡੀਆ (ਸ਼ੋਸਲ ਮੀਡੀਆ) ਚੈਨਲਾਂ ਨੂੰ ਵੀ ਬਾਕੀ ਪੱਤਰਕਾਰਾਂ ਦੀ ਤਰ੍ਹਾਂ ਮਾਨਤਾ ਦਿੱਤੀ ਜਾਵੇ। ਅਖੀਰ ਵਿਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੁਸਾਇਟੀ ਦੇ ਆਹੁਦੇਦਾਰਾਂ ਨੂੰ ਵਿਸ਼ਵਾਸ਼ ਦਵਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੱਤਰਕਾਰ ਭਾਈਚਾਰੇ ਦਾ ਪੂਰਾ ਮਾਣ-ਸਤਿਕਾਰ ਕਰਦੀ ਹੈ ਅਤੇ ਉਹ ਜਲਦ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਇਸ ਮੰਗ ਪੱਤਰ 'ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਸਮਾਜਿਕ ਤੇ ਨਿਆਂ ਮੰਤਰੀ ਡਾ. ਬਲਜੀਤ ਕੌਰ ਤੋਂ ਇਲਾਵਾ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਦੇ ਜਨਰਲ ਸਕੱਤਰ ਸਰਵਨ ਸਿੰਘ ਰੰਧਾਵਾ ਅਤੇ ਖਜ਼ਾਨਚੀ ਚੰਦਨ ਨਗੀਨਾ ਹਾਜ਼ਰ ਸਨ।

# ਕੇਂਦਰ ਦੀ ਮੋਦੀ ਸਰਕਾਰ ਨੇ 11 ਸਾਲਾਂ ਵਿੱਚ ਬੇਰੁਜ਼ਗਾਰੀ ਦੂਰ ਕਰਨ ਵਿੱਚ ਮਿਸਾਲ ਕਾਇਮ ਕੀਤੀ- ਸੰਜੀਵ ਖੰਨਾ

## ਡੇਰਾਬੱਸੀ ਦੇ 19 ਵਾਰਡਾਂ ਦੇ ਭਾਜਪਾ ਅਹੁਦੇਦਾਰਾਂ ਅਤੇ ਪਾਰਟੀ ਵਰਕਰਾਂ ਦੀ ਮੀਟਿੰਗ ਵਿੱਚ ਕੇਂਦਰ ਦੀਆਂ ਪ੍ਰਾਪਤੀਆਂ ਤੇ ਹੋਈ ਚਰਚਾ



**ਡੇਰਾਬੱਸੀ - ( ਅਸ਼ੋਕ ਜੋਸ਼ੀ )-**

ਭਾਜਪਾ ਆਗੂ ਅਤੇ ਭਾਜਪਾ ਦੇ ਸੂਬਾ ਸਕੱਤਰ ਸੰਜੀਵ ਖੰਨਾ ਨੇ ਰਾਧੇਸ਼ਿਆਮ ਦੀ ਅਗਵਾਈ ਹੇਠ ਡੇਰਾਬੱਸੀ ਸ਼ਹਿਰ ਦੇ 19 ਵਾਰਡਾਂ ਦੇ ਅਧਿਕਾਰੀਆਂ ਅਤੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦਾ ਉਦੇਸ਼ 11 ਸਾਲ ਪੂਰੇ ਹੋਣ 'ਤੇ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਰਚਾ ਕਰਨਾ ਅਤੇ ਹਰ ਬੂਥ ਵਰਕਰ ਦੇ ਨਾਲ-ਨਾਲ ਆਮ ਜਨਤਾ ਵਿੱਚ ਇਸਨੂੰ ਮਾਨਤਾ ਦੇਣਾ ਸੀ। ਮੀਟਿੰਗ ਦੌਰਾਨ, ਸੰਜੀਵ ਖੰਨਾ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਕੀਤੀ ਗਈ ਮਹੱਤਵਪੂਰਨ ਪ੍ਰਗਤੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮੈਡੀਕਲ ਕਾਲਜਾਂ ਦੀ ਗਿਣਤੀ ਦੁੱਗਣੀ ਕਰਨ 'ਤੇ ਚਾਨਣਾ ਪਾਇਆ, ਜਿਸ ਨਾਲ ਦੇਸ਼ ਵਿੱਚ ਡਾਕਟਰਾਂ ਦੀ ਗਿਣਤੀ ਵਧੀ ਹੈ ਅਤੇ ਸਿਹਤ ਸਹੂਲਤਾਂ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਨੇ 17 ਕਰੋੜ ਨੌਕਰੀਆਂ ਪ੍ਰਦਾਨ ਕਰਨ ਵਿੱਚ ਸਰਕਾਰ ਦੇ ਯਤਨਾਂ ਦਾ ਵੀ ਜ਼ਿਕਰ ਕੀਤਾ, ਜਿਸ ਨਾਲ ਬੇਰੁਜ਼ਗਾਰੀ ਘਟਾਉਣ ਅਤੇ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਮਦਦ ਮਿਲੀ ਹੈ। ਚਰਚਾ ਦੇ ਮੁੱਖ ਵਿਸ਼ਿਆਂ ਵਿੱਚੋਂ ਇੱਕ ਵਿਕਸਤ ਭਾਰਤ ਸੰਕਲਪ ਵਿੱਚ ਮੋਦੀ ਸਰਕਾਰ ਦੀ ਭਾਗੀਦਾਰੀ ਸੀ। ਸੰਜੀਵ ਖੰਨਾ ਨੇ 2047 ਤੱਕ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਸਰਕਾਰ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਸਰਕਾਰ ਵੱਲੋਂ ਚੁੱਕੇ ਗਏ ਵੱਖ-ਵੱਖ ਕਦਮਾਂ ਦਾ ਵੀ ਜ਼ਿਕਰ ਕੀਤਾ ਜਿਵੇਂ ਕਿ ਡਿਜੀਟਲ ਇੰਡੀਆ ਮੁਹਿੰਮ, ਮੇਕ ਇਨ ਇੰਡੀਆ ਅਤੇ ਸਕਿੱਲ ਇੰਡੀਆ। ਉਨ੍ਹਾਂ ਸਾਰਿਆਂ ਨੂੰ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਲੋਕਾਂ ਨੂੰ ਦੇਸ਼ ਦੇ ਵਿਕਾਸ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਪਾਰਟੀ ਮੈਂਬਰਾਂ ਨੂੰ ਰਾਧੇਸ਼ਿਆਮ ਦੀ ਅਗਵਾਈ ਹੇਠ ਦੇਸ਼ ਦੀ ਬਿਹਤਰੀ ਲਈ ਕੰਮ ਕਰਦੇ ਰਹਿਣ ਲਈ ਵੀ ਉਤਸ਼ਾਹਿਤ ਕੀਤਾ। ਮੀਟਿੰਗ ਭਵਿੱਖ ਪ੍ਰਤੀ ਸਕਾਰਾਤਮਕ ਦ੍ਰਿਸ਼ਟੀਕੋਣ ਅਤੇ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਦੇ ਯਤਨਾਂ ਵਿੱਚ ਮੋਦੀ ਸਰਕਾਰ ਦਾ ਸਮਰਥਨ ਜਾਰੀ ਰੱਖਣ ਦੇ ਦ੍ਰਿੜ ਇਰਾਦੇ ਨਾਲ ਸਮਾਪਤ ਹੋਈ। ਮੀਟਿੰਗ ਹਾਜ਼ਰੀਨ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਵਿੱਚ ਮਾਣ ਅਤੇ ਵਿਸ਼ਵਾਸ ਦੀ ਇੱਕ ਨਵੀਂ ਭਾਵਨਾ ਨਾਲ ਸਮਾਪਤ ਹੋਈ। ਇਸ ਮੌਕੇ ਸੁਧੀਰ ਕਾਂਟੀਵਾਲ, ਪਰਦੀਪ ਸਿੱਕਾ , ਵਿਜੇ ਦੱਤਾ , ਨਰੇਸ਼ ਕੌਸ਼ਲ, ਰਾਜਿੰਦਰ ਕੋਸ਼ਿਸ਼, ਵਿਪਿਨ ਸ਼ਰਮਾ, ਨਰਿੰਦਰ ਮਦਾਨ , ਰਾਖੀ , ਅਮਿਤ ਥੰਮਨ, ਮਾਨਿਕ ਸ਼ਰਮਾ , ਰਾਧੇ ਸ਼ਿਆਮ ਆਦਿ ਵੀ ਮੌਜੂਦ ਸਨ ਜੋ ਪਿਛਲੇ 300 ਦਿਨਾਂ ਤੋਂ ਭਾਜਪਾ ਦੀਆਂ ਪ੍ਰਾਪਤੀਆਂ ਨੂੰ ਘਰ ਘਰ ਪਹੁੰਚਾਉਣ ਦੀ ਮੁਹਿੰਮ ਵਿੱਚ ਜੀ ਜਾਨ ਨਾਲ ਲੱਗੇ ਹੋਏ ਸਨ।

# ਸੂਬੇ 'ਚ ਨਸ਼ੇ ਖਿਲਾ.ਫ ਲੋਕ ਲਹਿਰ ਬਣਨੀ ਹੋਈ ਸ਼ੁਰੂ : ਰਾਜਪਾਲ ਗੁਲਾਬ ਚੰਦ ਕਟਾਰੀਆ



**ਗੜ੍ਹਸ਼ੰਕਰ - (ਰਾਕੇਸ਼ ਕੁਮਾਰ)**-ਡੀ.ਏ.ਵੀ ਕਾਲਜ ਆਫ਼ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਵਿਰੁੱਧ ਜਨਤਕ ਜਾਗਰੂਕਤਾ ਵੱਧ ਰਹੀ ਹੈ ਅਤੇ ਇਹ ਹੁਣ ਇਕ ਲੋਕ ਲਹਿਰ ਦਾ ਰੂਪ ਧਾਰਨ ਕਰਨ ਲੱਗ ਪਈ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਠੋਸ ਕਦਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਵਿਚ ਸਕਾਰਾਤਮਕ ਬਦਲਾਅ ਦਿਖਾਈ ਦੇ ਰਿਹਾ ਹੈ ਅਤੇ ਲੋਕ ਹੁਣ ਨਸ਼ਿਆਂ ਵਿਰੁੱਧ ਇਕਜੁੱਟ ਹੋ ਰਹੇ ਹਨ। ਰਾਜਪਾਲ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਸਿਰਫ਼ ਸਰਕਾਰੀ ਯਤਨਾਂ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ, ਇਸ ਲਈ ਸਮਾਜ ਦੇ ਹਰ ਵਰਗ, ਮਾਪਿਆਂ, ਅਧਿਆਪਕਾਂ, ਨੌਜਵਾਨਾਂ, ਆਮ ਲੋਕਾਂ ਅਤੇ ਪ੍ਰਸ਼ਾਸਨ ਨੂੰ ਮਿਲ ਕੇ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ। ਇਸ ਤੋਂ ਪਹਿਲਾਂ ਪਿੰਡ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ, ਰਾਜਪਾਲ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਦੀ ਭੂਮਿਕਾ ਨਸ਼ਾ ਵਿਰੋਧੀ ਮੁਹਿੰਮ ਵਿਚ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਨ੍ਹਾਂ ਕਮੇਟੀਆਂ ਨੂੰ ਹੋਰ ਸ਼ਕਤੀਸ਼ਾਲੀ ਬਣਾਇਆ ਜਾਵੇ, ਤਾਂ ਜੋ ਇਹ ਨਸ਼ਾ ਤਸਕਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਰੋਕਣ ਵਿਚ ਫੈਸਲਾਕੁੰਨ ਭੂਮਿਕਾ ਨਿਭਾਅ ਸਕਣ। ਇਸ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਵਿਚ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਬਾਰੇ ਰਾਜਪਾਲ ਪੰਜਾਬ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਪਿੰਡ ਧੂੰਦਾ ਦੇ ਕਾਮਰੇਡ ਆਗੂ ਬਲਬੀਰ ਸਿੰਘ ਦੀ ਮੌਤ ਤੇ ਮਾੜੀ ਮੇਘਾ ਅਤੇ ਹੋਰਨਾਂ ਨੇ ਦੁੱਖ ਸਾਂਝਾ ਕੀਤਾ



ਮ੍ਰਿਤਕ ਕਾਮਰੇਡ ਬਲਬੀਰ ਸਿੰਘ ਧੂੰਦਾ ਦੇ ਪ੍ਰੀਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਦੇ ਨਾਲ ਬਲਦੇਵ ਸਿੰਘ ਧੂੰਦਾ ਅਤੇ ਬਲਜੀਤ ਸਿੰਘ ਫਤਿਆਬਾਦ।

**ਫਤਿਆਬਾਦ - ( ਹੀਰਾ ਸਿੰਘ ਸੇਠੀ )**

ਪਿੰਡ ਧੂੰਦਾ ਦੇ ਕਾਮਰੇਡ ਬਲਬੀਰ ਸਿੰਘ ਜੋ ਸੀ ਪੀ ਆਈ ਦੇ ਸਰਗਰਮ ਮੈਂਬਰ ਸਨ ਨੇ ਪਾਰਟੀ ਦਾ ਨਿਧੜਕ ਹੋ ਪ੍ਰਚਾਰ ਤੇ ਪਸਾਰ ਕਰਨ ਵਿੱਚ ਪੂਰੀ ਤਨਦੇਹੀ ਨਾਲ ਕੰਮ ਕੀਤਾ ਉਨ੍ਹਾਂ ਦੇ ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਵਾਸਤੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਵਿਸ਼ੇਸ਼ ਤੌਰ ਤੇ ਧੂੰਦੇ ਉਨ੍ਹਾਂ ਦੇ ਘਰ ਪਹੁੰਚੇ। ਇਸ ਮੌਕੇ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਰਪ੍ਰਸਤ ਬਲਦੇਵ ਸਿੰਘ ਧੂੰਦਾ, ਸੀ ਪੀ ਆਈ ਖਡੂਰਸਾਹਿਬ ਬਲਾਕ ਦੇ ਆਗੂ ਬਲਜੀਤ ਸਿੰਘ ਫਤਿਆਬਾਦ ਤੇ ਸਰਬ ਭਾਰਤ ਨੌਜਵਾਨ ਸਭਾ ਦਾ ਜ਼ਿਲ੍ਹਾ ਆਗੂ ਗੁਰਚਰਨ ਸਿੰਘ ਕੰਡਾ ਵੀ ਹਾਜ਼ਰ ਹੋਏ । ਇਸ ਮੌਕੇ ਤੇ ਮਾੜੀਮੇਘਾ ਨੇ ਕਿਹਾ ਕਿ ਮਰਹੂਮ ਬਲਬੀਰ ਸਿੰਘ ਦੀ ਮੌਤ ਨਾਲ ਪ੍ਰਵਾਰ ਨੂੰ ਤੇ ਘਾਟਾ ਪਿਆ ਹੀ ਹੈ ਪਰ ਪਾਰਟੀ ਤੋਂ ਵੀ ਇੱਕ ਸਰਗਰਮ ਸਾਥੀ ਵਿੱਛੜ ਗਿਆ ਹੈ। ਬਲਬੀਰ ਸਿੰਘ ਨੇ ਕਿਸਾਨਾਂ ਵੱਲੋਂ ਦਿੱਲੀ ਦੇ ਬਾਰਡਰ ਤੇ ਲੱਗੇ ਮੋਰਚੇ ਵਿੱਚ ਲੰਮਾਂ ਸਮਾਂ ਹਾਜ਼ਰੀ ਭਰੀ । ਸਾਰੇ ਪਰਵਾਰ ਤੇ ਕਾਮਰੇਡਾਂ ਦੀ ਹਾਜ਼ਰੀ ਵਿੱਚ ਬਲਬੀਰ ਸਿੰਘ ਦੇ ਪੁੱਤਰ ਨਿਸ਼ਾਨ ਸਿੰਘ ਨੂੰ ਸੀ ਪੀ ਆਈ ਦਾ ਮੈਂਬਰ ਲਿਆ ਗਿਆ। ਆਸ ਹੈ ਕਿ ਨਿਸ਼ਾਨ ਸਿੰਘ ਆਪਣੇ ਪਿਤਾ ਦੇ ਰਹਿੰਦੇ ਕਾਜ਼ ਨੂੰ ਪੂਰਾ ਕਰਨ ਵਾਸਤੇ ਪਾਰਟੀ ਤੇ ਸਰਬ ਭਾਰਤ ਨੌਜਵਾਨ ਸਭਾ ਵਿੱਚ ਸਰਗਰਮੀ ਨਾਲ ਕੰਮ ਕਰੇਗਾ।

# ਗੁਰਦੁਆਰਾ ਗੁਰੂ ਨਾਨਕ ਪੜਾਉ ਸਾਹਿਬ ਵਿਖੇ ਚੁਪਿਹਰਾ ਸਮਾਗਮ ਦੌਰਾਨ ਸ਼ਾਮਲ ਹੋਈਆ ਇਲਾਕੇ ਭਰ ਚੋ ਸੰਗਤਾ



**ਫਤਿਆਬਾਦ - ( ਹੀਰਾ ਸਿੰਘ ਸੇਠੀ)**

**ਕਸਬਾ** ਫਤਿਆਬਾਦ ਸਥਿਤ ਗੁਰਦੁਆਰਾ ਗੁਰੂ ਨਾਨਕ ਪੜਾਉ ਸਾਹਿਬ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕ੍ਰਿਪਾ ਦੁਆਰਾ ਪਿਛਲੇ ਸਾਲ ਤੋ ਚੁਪਿਹਰਾ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ ।ਇਸ ਮੌਕੇ ਤੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਅਸਥਾਨਾਂ ਤੇ ਚਲਾਈ ਜਾ ਰਹੀ ਮਰਿਆਦਾ ਅਨੁਸਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਚੌਪਿਹਰਾ ਸਮਾਗਮ ਵਿਚ ਇਲਾਕੇ ਭਰ ਚੋ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਸ਼ਮੂਲੀਅਤ ਕਰਦੀਆਂ ਹਨ ਜਿਸ ਵਿਚ ਬਾਣੀ ਦੇ ਜਾਪ ਅਤੇ ਕੀਰਤਨ ਵਿਚ ਹਿਸਾ ਲੈਦੀਆ ਹਨ ਇਸ ਮੌਕੇ ਤੇ ਕਸਬਾ ਫਤਿਆਬਾਦ ਤੋ ਇਲਾਵਾ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਨੇ ਸੰਗਤੀ ਰੂਪ ਵਿਚ ਪੰਜ ਪਾਠ ਜਪੁਜੀ ਸਾਹਿਬ, ਦੋ ਪਾਠ ਸ੍ਰੀ ਚੌਪਈ ਸਾਹਿਬ ਅਤੇ ਇਕ ਪਾਠ ਸ੍ਰੀ ਸੁਖਮਨੀ ਸਾਹਿਬ ਦਾ ਸੰਗਤੀ ਰੂਪ ਵਿੱਚ ਕੀਤਾ। ਉਪਰੰਤ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਜਥਾ ਬੀਬੀਆਂ ਨੇ ਕੀਰਤਨ ਦੀ ਛਹਿਬਰ ਲਗਾਈ। ਇਸ ਮੌਕੇ ਤੇ ਚੌਪਿਹਰਾ ਸਮਾਗਮ ਚ ਸ਼ਾਮਲ ਸੰਗਤਾ ਲਈ ਪਿੰਡ ਭਰੋਵਾਲ ਦੇ ਸਾਬਕਾ ਪ੍ਰਿਸੀਪਲ ਗੁਰਦੀਪ ਸਿੰਘ ਦੇ ਪਰਿਵਾਰ ਚੋ ਡਾਕਟਰ ਸਿਮਰਨਜੀਤ ਸਿੰਘ ਅਤੇ ਉਨਾ ਦੀ ਪਤਨੀ ਐਸ ਐਚ ਉ ਮਨਦੀਪ ਕੌਰ ਵਲੋਂ ਲੰਗਰ ਦੀ ਸੇਵਾ ਕੀਤੀ ਗਈ। ਇਸ ਮੌਕੇ ਤੇ ਚੌਪਿਹਰਾ ਸਮਾਗਮ ਚ ਹਾਜਰੀ ਭਰਨ ਵਾਲੀਆਂ ਸੰਗਤਾਂ ਵਿਚ ਵਿਸ਼ੇਸ਼ ਤੌਰ ਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਜਥਾ ਬੀਬੀਆਂ ਚ ਜਸਬੀਰ ਕੌਰ, ਰਜਵੰਤ ਕੌਰ, ਪ੍ਰਮਜੀਤ ਕੌਰ, ਕੁਲਵੰਤ ਕੌਰ, ਬਲਵਿੰਦਰ ਕੌਰ, ਪ੍ਰਮਿੰਦਰ ਕੌਰ ਗੋਗੀ, ਬੀਬੀ ਪੁਨੀਤ ਕੌਰ ਸੋਨੀਆ,ਰਮਨੀਤ ਕੌਰ, ਬਲਬੀਰ ਕੌਰ, ਮਨਜੀਤ ਕੌਰ,ਜਗੀਰ ਕੌਰ, ਸਿਮਰਨਜੀਤ ਕੌਰ, ਹਰਪ੍ਰੀਤ ਕੌਰ, ਮਨਜਿੰਦਰ ਕੌਰ, ਹਰਜਿੰਦਰ ਕੌਰ, ਸੁਖਬੀਰ ਕੌਰ, ਸਤਬੀਰ ਕੌਰ, ਨਰਿੰਦਰ ਕੌਰ, ਪ੍ਰਮਜੀਤ ਕੌਰ, ਸਵਿੰਦਰ ਕੌਰ, ਰਣਜੀਤ ਕੌਰ, ਬੇਵੀ, ਜਸਰੀਤ ਮਨਜੀਤ ਕੌਰ, ਲਖਵਿੰਦਰ ਕੌਰ, ਪੂਨਮ ਕੌਰ, ਅਨਾਦਹਪ੍ਰੀਤ ਕੌਰ, ਏਕਮਪ੍ਰੀਤ ਕੌਰ, ਸੁਖਵਿੰਦਰ ਕੌਰ, ਰਮਨਦੀਪ ਕੌਰ, ਕੁਲਬੀਰ ਕੋਰ, ਪੰਮੀ ਭੱਟਾ, ਸੋਨੀ ਭੱਟਾ, ਨਿਰਮਲ ਕੌਰ, ਦਵਿੰਦਰ ਕੌਰ, ਰੁਪਿੰਦਰ ਕੌਰ, ਗੁਰਮੀਤ ਕੌਰ, ਅਰਵਿੰਦਰ ਕੌਰ, ਹਰਿੰਦਰ ਕੌਰ, ਜਸਬੀਰ ਕੌਰ, ਸਤਨਾਮ ਕੌਰ, ਹਰਪ੍ਰੀਤ ਕੌਰ, ਰੇਖਾ ਅਰੋੜਾ, ਰਾਜਬੀਰ ਕੌਰ, ਮਨਪ੍ਰੀਤ ਕੌਰ, ਹਰਜੀਤ ਕੌਰ, ਨਵਜੋਤ ਕੌਰ, ਤੇਜਿੰਦਰ ਕੌਰ, ਸੀਤਲ ਕੌਰ, ਮਾਨਸ ਕੌਰ, ਨਵਪ੍ਰੀਤ ਕੌਰ,ਚਾਹਤਪ੍ਰੀਤ ਕੌਰ ਅਤੇ ਰਾਜਿੰਦਰ ਕੌਰ ,ਪ੍ਰਧਾਨ ਜਗਜੀਤ ਸਿੰਘ ਕਾਲੂ, ਸੁਖਵਿੰਦਰ ਸਿੰਘ ਹੈਪੀ, ਜਸਪਾਲ ਸਿੰਘ ਬੱਬੂ, ਬਾਬਾ ਰਣਬੀਰ ਸਿੰਘ ਹੈਪੀ, ਬਾਬਾ ਜਸਕਰਨ ਸਿੰਘ ਤੋ ਇਲਾਵਾ ਸਿਮਰਨਜੀਤ ਸਿੰਘ, ਮਨਦੀਪ ਕੌਰ ਆਦਿ ਵਲੋਂ ਚੁਪਿਹਰਾ ਸਮਾਗਮ ਵਿਚ ਹਾਜਰੀ ਭਰੀ।

# ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਨੇ ਬਹੁਤ ਨੌਜਵਾਨਾਂ ਦੇ ਭਵਿੱਖ ਨੂੰ ਖਤਰੇ ਵਿੱਚ ਪਾਇਆ ਹੋਇਆ ਹੈ : ਦਲ ਖਾਲਸਾ

## ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਵੱਲੋਂ ਅੱਡਾ ਚੱਬੇਵਾਲ ਵਿਖ਼ੇ ਮੁਫਤ ਨਸ਼ਾ ਛੁਡਾਊ ਕੈਂਪ ਲਗਾਇਆ ਗਿਆ




**ਹੁਸ਼ਿਆਰਪੁਰ - ( ਤਰਸੇਮ ਦੀਵਾਨਾ)** ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਪਿੰਡਾ ਸ਼ਹਿਰਾ ਅਤੇ ਕਸਬਿਆਂ ਦੇ ਵਿੱਚ ਨਸ਼ਿਆਂ ਦੇ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਅੱਡਾ ਚੱਬੇਵਾਲ ਹੁਸ਼ਿਆਰਪੁਰ ਵਿਖੇ ਮੁਫਤ ਨਸ਼ਾ ਛੁਡਾਊ ਕੈਂਪ ਲਗਾ ਕੇ ਨਸ਼ਿਆਂ ਦੇ ਮੱਕੜ ਜਾਲ ਵਿੱਚ ਫਸੇ ਹੋਏ ਨੌਜਵਾਨਾਂ ਨੂੰ ਨਸਿਆ ਵਿੱਚੋ ਕੱਢਣ ਲਈ ਜਾਗਰੂਕ ਕੀਤਾ ਗਿਆ। ਇਸ ਸਬੰਧੀ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਅੱਜ ਵੀ ਨਸ਼ੇ ਦੀ ਸਮੱਸਿਆ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਉਹਨਾਂ ਕਿਹਾ ਕਿ ਅੱਜ ਹਰ ਤੀਜੇ ਨੌਜਵਾਨ ਦੇ ਨਸ਼ੇ ਦੇ ਜਾਲ ਵਿੱਚ ਫਸਣ ਦੀ ਸੂਚਨਾ ਮਿਲ ਰਹੀ ਹੈ, ਜੋ ਕਿ ਨੌਜਵਾਨਾ ਦੇ ਭਵਿੱਖ ਨੂੰ ਖਤਰੇ ਵਿੱਚ ਪਾ ਰਹੀ ਹੈ।ਇਸ ਸਮੱਸਿਆ ਦੇ ਕਾਰਨ,ਸਮਾਜਿਕ ਜਥੇਬੰਦੀਆਂ ਅਤੇ ਸਮੂਹ ਸੰਸਥਾਵਾਂ ਨੂੰ ਮਿਲ ਕੇ ਨੌਜਵਾਨਾਂ ਨੂੰ ਨਸ਼ੇ ਦੇ ਜਾਲ ਵਿੱਚੋ ਕੱਢਣ ਲਈ ਕੰਮ ਕਰਨ ਦੀ ਲੋੜ ਹੈ,।ਉਹਨਾਂ ਕਿਹਾ ਕਿ ਅੱਜ ਦੇ ਮਹੌਲ ਨੂੰ ਮੁੱਖ ਰੱਖਦੇ ਹੋਏ ਨੌਜਵਾਨਾਂ ਨੂੰ ਸਹੀ ਰਸਤੇ ਪਾਉਣਾ ਅਤੇ ਨਸ਼ਿਆ ਤੋਂ ਕਿਵੇਂ ਬੱਚਣਾ ਹੈ ਇਹੋ ਜਿਹੀ ਸਹਾਇਤਾ ਪ੍ਰਦਾਨ ਕਰਨਾ ਬਹੁਤ ਜਰੂਰੀ ਹੈ, ਤਾਂ ਜੋ ਨੌਜਵਾਨ ਇਸ ਸਮੱਸਿਆ ਤੋਂ ਬਚ ਸਕਣ ।ਉਹਨਾਂ ਕਿਹਾ ਕਿ ਸਰਕਾਰ ਅਤੇ ਸਿੱਖਿਆ ਸੰਸਥਾਵਾਂ ਨੂੰ ਵੀ ਇਸ ਮਾਮਲੇ 'ਤੇ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਨਸ਼ੇ ਦੇ ਖਿਲਾਫ ਵਧੀਆ ਢੰਗ ਨਾਲ ਲੜਾਈ ਲੜੀ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਨੇ ਨੌਜਵਾਨਾਂ ਦੇ ਜੀਵਨ 'ਤੇ ਗੰਭੀਰ ਪ੍ਰਭਾਵ ਪਾਇਆ ਹੈ। ਉਹਨਾਂ ਕਿਹਾ ਕਿ ਨਸ਼ੇ ਦੀ ਲਤ ਨਾਲ ਜੁੜੇ ਮਾਮਲੇ ਹਰ ਦਿਨ ਵੱਧ ਰਹੇ ਹਨ, ਜਿਸ ਨਾਲ ਨੌਜਵਾਨਾਂ ਦਾ ਭਵਿੱਖ ਖਤਰੇ ਵਿੱਚ ਪੈ ਰਿਹਾ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਕਾਰਨ ਬਹੁਤੇ ਨੌਜਵਾਨਾ ਵਿੱਚ ਡਿਪ੍ਰੈਸ਼ਨ,ਐਂਜ਼ਾਇਟੀ ਅਤੇ ਹੋਰ ਮਨੋਵਿਗਿਆਨਕ ਸਮੱਸਿਆਵਾਂ ਵਿੱਚ ਵਾਧਾ ਹੋ ਰਿਹਾ ਹੈ ।ਉਹਨਾਂ ਕਿਹਾ ਕਿ ਨਸ਼ਿਆਂ ਦੇ ਵਿਰੁੱਧ ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਵੀ ਕਰਨੀ ਚਾਹੀਦੀ ਹੈ

।ਉਹਨਾਂ ਕਿਹਾ ਕਿ ਮਾਪਿਆਂ ਨੂੰ ਵੀ ਆਪਣੇ ਬੱਚਿਆਂ 'ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ, ਤਾਂ ਜੋ ਉਹ ਨਸ਼ੇ ਦੇ ਖਿਲਾਫ ਸਹੀ ਫੈਸਲੇ ਕਰ ਸਕਣ ।ਉਹਨਾਂ ਕਿਹਾ ਕਿ ਸਰਕਾਰ ਨੂੰ ਨਸ਼ੇ ਦੇ ਖਿਲਾਫ ਕਾਨੂੰਨ ਅਤੇ ਨੀਤੀਆਂ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ, ਤਾਂ ਜੋ ਨਸ਼ੇ ਦੇ ਵਪਾਰ ਨੂੰ ਰੋਕਿਆ ਜਾ ਸਕੇ । ਉਹਨਾਂ ਦੱਸਿਆ ਕਿ ਅੱਜ ਦੇ ਇਸ ਕੈਂਪ ਵਿੱਚ ਸੈਕੜੇ ਨੌਜਵਾਨਾਂ ਨੇ ਨਸ਼ਾ ਛੱਡਣ ਦਾ ਪ੍ਰਣ ਕੀਤਾ ਅਤੇ ਨਸ਼ੇ ਤੋ ਤੌਬਾ ਕੀਤੀ ਉਹਨਾਂ ਕਿਹਾ ਕਿ ਦਲ ਖਾਲਸਾ ਵਲੋ ਵੱਖ ਵੱਖ ਸਥਾਨਾਂ ਤੇ ਲਗਾਏ ਜਾਂਦੇ ਕੈਂਪਾਂ ਵਿੱਚ ਨਸ਼ਾ ਛੱਡਣ ਦੀ ਦਵਾਈ ਬਿਲਕੁਲ ਫਰੀ ਦਿੱਤੀ ਜਾਂਦੀ ਹੈ। ਅਤੇ ਨਸ਼ਾ ਛੱਡਣ ਵਾਲੇ ਨੌਜਵਾਨ ਸਾਡੇ ਨਾਲ ਇਸ 95019,65267 ਨੰਬਰ ਤੇ ਸੰਪਰਕ ਕਰ ਸਕਦੇ ਹਨ ਇਸ ਹੋਰਨਾਂ ਤੋਂ ਇਲਾਵਾ ਤਜਿੰਦਰ ਪਾਬਲਾ,ਰਣਜੀਤ ਰਾਣਾ, ਰਾਜਵੀਰ ਸਿੰਘ ਅਤੇ ਹਰਵਿੰਦਰ ਸਿੰਘ ਆਦਿ ਹਾਜ਼ਰ ਸਨ !

# ਸਿੱਖਿਆ ਦੇ ਮਾਧਿਅਮ ਨਾਲ ਹਰ ਲੜਕੀ ਆਪਣੇ ਹੱਕਾਂ ਅਤੇ ਸੁਪਨਿਆਂ ਦੀ ਪੂਰੀ ਤਰ੍ਹਾਂ ਪਾਲਣਾ ਕਰ ਸਕਦੀ ਹੈ : ਡਾ ਆਸ਼ੀਸ਼ ਸਰੀਨ



**ਹੁਸ਼ਿਆਰਪੁਰ - ( ਤਰਸੇਮ ਦੀਵਾਨਾ )** ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ, ਲੜਕੀਆਂ ਨੂੰ ਸਿੱਖਿਆ ਦਿਵਾਉਣੀ ਬਹੁਤ ਜਰੂਰੀ ਹੈ ਕਿਉਂਕਿ ਸਿੱਖਿਆ ਸਿਰਫ਼ ਵਿਅਕਤੀ ਦੀ ਜ਼ਿੰਦਗੀ ਨੂੰ ਬਦਲਣ ਦਾ ਸਾਧਨ ਹੀ ਨਹੀਂ, ਸਗੋਂ ਇਹ ਸਮਾਜ ਦੇ ਵਿਕਾਸ ਦਾ ਵੀ ਇੱਕ ਅਹਿਮ ਹਿੱਸਾ ਹੈ। ਜਦੋਂ ਲੜਕੀਆਂ ਪੜ੍ਹਦੀਆਂ ਹਨ, ਤਾਂ ਉਹ ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਲਈ ਇੱਕ ਨਵੀਂ ਰਾਹਤ ਲਿਆਉਂਦੀਆਂ ਹਨ। ਇਹਨਾਂ ਗੱਲਾ ਡਾ ਪ੍ਰਗਟਾਵਾ ਬੁੱਧੀਜੀਵੀ ਸ਼ਖਸ਼ੀਅਤ ਉੱਘੇ ਸਮਾਜ ਸੇਵਕ ÷ ਹਿਜ਼ ਐਕਸੀਲੈਂਟ ਐਂਡ ਇੰਸਟੀਚਿਊਟ÷ਅਤੇ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਗਰਾ ਦੇ ਐਮਡੀ ਡਾਕਟਰ ਆਸ਼ੀਸ਼ ਸਰੀਨ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਸਿੱਖਿਆ ਦੇ ਨਾਲ ਨਾਲ ਲੜਕੀਆਂ ਨੂੰ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਦਾ ਵੀ ਪਤਾ ਲੱਗਦਾ ਹੈ ਅਤੇ ਉਹ ਸਮਾਜ ਵਿੱਚ ਆਪਣੀ ਆਵਾਜ਼ ਨੂੰ ਉਠਾਉਣ ਦੇ ਯੋਗ ਵੀ ਬਣਦੀਆਂ ਹਨ। ਉਹਨਾਂ ਕਿਹਾ ਕਿ ਇਸ ਨਾਲ ਉਹ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦੀਆਂ ਹਨ। ਉਹਨਾਂ ਕਿਹਾ ਕਿ ਸਿੱਖਿਆ ਨਾਲ ਲੜਕੀਆਂ ਨੂੰ ਨੌਕਰੀਆਂ ਅਤੇ ਵਪਾਰ ਦੇ ਮੌਕੇ ਮਿਲਦੇ ਹਨ, ਜਿਸ ਨਾਲ ਉਹ ਆਪਣੇ ਆਪ ਤੇ ਆਤਮ-ਨਿਰਭਰ ਬਣਦੀਆਂ ਹਨ ।ਉਹਨਾਂ ਕਿਹਾ ਕਿ ਇਸ ਦੇ ਨਾਲ-ਨਾਲ ਕੁੜੀਆਂ ਦੀ ਸਿੱਖਿਆ ਨਾਲ ਸਮਾਜ ਵਿੱਚ ਬਦਲਾਅ ਵੀ ਆਉਂਦਾ ਹੈ ਅਤੇ ਜਦੋਂ ਲੜਕੀਆਂ ਸਿੱਖਿਆ ਪ੍ਰਾਪਤ ਕਰਦੀਆਂ ਹਨ, ਤਾਂ ਉਹ ਆਪਣੇ ਪਰਿਵਾਰਾਂ ਨੂੰ ਵੀ ਸਿੱਖਿਆ ਦੇਣ ਵਿੱਚ ਸਹਾਇਤਾ ਕਰਦੀਆਂ ਹਨ। ਇਸ ਤਰ੍ਹਾਂ ਪੜ੍ਹੀਆਂ ਲੜਕੀਆਂ ਆਪਣੇ ਬੱਚਿਆਂ ਨੂੰ ਵੀ ਸਿੱਖਿਆ ਦੇਣ ਵਿੱਚ ਮਦਦ ਕਰਦੀਆਂ ਹਨ ਜਿਸ ਨਾਲ ਪੀੜ੍ਹੀ ਦਰ ਪੀੜ੍ਹੀ ਸਿੱਖਿਆ ਦਾ ਦਰਜਾ ਵੱਧਦਾ ਹੈ । ਉਹਨਾਂ ਕਿਹਾ ਕਿ ਸਰਕਾਰ ਅਤੇ ਸਮਾਜ ਨੂੰ ਚਾਹੀਦਾ ਹੈ ਕਿ ਉਹ ਲੜਕੀਆਂ ਦੀ ਸਿੱਖਿਆ

ਨੂੰ ਉਤਸਾਹਿਤ ਕਰਨ ਲਈ ਵੱਖ-ਵੱਖ ਯੋਜਨਾਵਾਂ ਅਤੇ ਸਕੀਮਾਂ ਨੂੰ ਲਾਗੂ ਕਰਨ।ਉਹਨਾਂ ਕਿਹਾ ਕਿ ਸਕੂਲਾਂ ਵਿੱਚ ਲੜਕੀਆਂ ਲਈ ਵਿਸ਼ੇਸ਼ ਸਕਾਲਰਸ਼ਿਪ ਅਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਣ । ਉਹਨਾਂ ਕਿਹਾ ਕਿ ਸਿੱਖਿਆ ਦੇ ਮਾਧਿਅਮ ਨਾਲ ਲੜਕੀਆਂ ਆਪਣੇ ਹੱਕਾਂ ਲਈ ਲੜਨ ਅਤੇ ਸਮਾਜ ਵਿੱਚ ਬਦਲਾਅ ਲਿਆਉਣ ਦੇ ਯੋਗ ਬਣਦੀਆਂ ਹਨ।ਉਹਨਾਂ ਕਿਹਾ ਕਿ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਲੜਕੀ ਨੂੰ ਪੜ੍ਹਾਈ ਦਾ ਮੌਕਾ ਮਿਲੇ ਤਾਂ ਜੋ ਉਹ ਆਪਣੇ ਭਵਿੱਖ ਨੂੰ ਸੁਨਹਿਰਾ ਬਣਾ ਸਕੇ ।ਸਿੱਖਿਆ ਦੀ ਇਸ ਯਾਤਰਾ ਵਿੱਚ, ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਲੜਕੀਆਂ ਦੀ ਸਿੱਖਿਆ ਸਿਰਫ਼ ਉਨ੍ਹਾਂ ਦੀ ਨਹੀਂ,ਸਗੋਂ ਸਾਰੇ ਭਾਰਤ ਦੀ ਵੀ ਤਰੱਕੀ ਹੈ। ਉਹਨਾਂ ਕਿਹਾ ਕਿ ਇਸ ਤਰ੍ਹਾਂ ਸਿੱਖਿਆ ਦੇ ਮਾਧਿਅਮ ਨਾਲ ਅਸੀਂ ਇੱਕ ਸਮਾਜਿਕ ਬਦਲਾਅ ਲਿਆ ਸਕਦੇ ਹਾਂ, ਜਿੱਥੇ ਹਰ ਲੜਕੀ ਆਪਣੇ ਹੱਕਾਂ ਅਤੇ ਸੁਪਨਿਆਂ ਦੀ ਪੂਰੀ ਤਰ੍ਹਾਂ ਪਾਲਣਾ ਕਰ ਸਕੇ।

# ਮਸਕ ਨਾਲ ਮੇਰਾ ਰਿਸ਼ਤਾ ਖ਼ਤਮ ਹੋ ਗਿਆ : ਟਰੰਪ

**ਵਾਸ਼ਿੰਗਟਨ।** ਐਲੋਨ ਮਸਕ ਨਾਲ ਟਕਰਾਅ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਿਛੇ ਹਟਦੇ ਨਜ਼ਰ ਨਹੀਂ ਆ ਰਹੇ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਮਸਕ ਨਾਲ ਸਬੰਧ ਸੁਧਾਰਨ ਦੀ ਕੋਈ ਇੱਛਾ ਨਹੀਂ ਹੈ।



ਉਨ੍ਹਾਂ ਚਿਤਾਵਨੀ ਦਿਤੀ ਕਿ ਜੇਕਰ ਮਸਕ ਆਉਣ ਵਾਲੀਆਂ ਚੋਣਾਂ ਵਿਚ ਡੈਮੋਕ੍ਰੇਟਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ 'ਗੰਭੀਰ ਨਤੀਜੇ' ਭੁਗਤਣੇ ਪੈ ਸਕਦੇ ਹਨ। ਟਰੰਪ ਨੇ 'ਐਨ. ਬੀ. ਸੀ.' ਦੀ ਕ੍ਰਿਸਟਨ ਵੇਲਕਰ ਨੂੰ ਫ਼ੋਨ 'ਤੇ ਦਿਤੇ ਇਕ ਇੰਟਰਵਿਊ ਵਿਚ ਕਿਹਾ ਕਿ ਉਨ੍ਹਾਂ ਦਾ ਮਸਕ ਨਾਲ ਅਪਣੇ ਰਿਸ਼ਤੇ ਸੁਧਾਰਨ ਦਾ ਕੋਈ ਇਰਾਦਾ ਨਹੀਂ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਲਗਦਾ ਹੈ ਕਿ ਟੈਸਲਾ ਅਤੇ ਸਪੇਸਐਕਸ ਦੇ ਮੁੱਖ ਕਾਰਜਕਾਰੀ ਨਾਲ ਉਨ੍ਹਾਂ ਦਾ ਰਿਸ਼ਤਾ ਖ਼ਤਮ ਹੋ ਗਿਆ ਹੈ ਤਾਂ ਟਰੰਪ ਨੇ ਜਵਾਬ ਦਿਤਾ, 'ਹਾਂ ਮੈਨੂੰ ਅਜਿਹਾ ਹੀ ਲੱਗਦਾ ਹੈ।' ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਮੈਂ ਹੋਰ ਕੰਮਾਂ ਵਿਚ ਬਹੁਤ ਰੁਝਿਆ ਹੋਇਆ ਹਾਂ। ਤੁਸੀਂ ਜਾਣਦੇ ਹੋ ਕਿ ਮੈਂ ਚੋਣ ਬਹੁਤ ਵੱਡੇ ਫ਼ਰਕ ਨਾਲ ਜਿੱਤੀ ਹੈ। ਮੈਂ ਉਨ੍ਹਾਂ ਨੂੰ ਬਹੁਤ ਮੌਕੇ ਦਿਤੇ, ਅਜਿਹਾ ਹੋਣ ਤੋਂ ਬਹੁਤ ਪਹਿਲਾਂ ਮੈਂ ਉਨ੍ਹਾਂ ਨੂੰ ਅਪਣੇ ਪਹਿਲੇ ਪ੍ਰਸ਼ਾਸਨ ਵਿਚ ਮੌਕੇ ਦਿਤੇ ਸਨ। ਮੈਂ ਅਪਣੇ ਪਹਿਲੇ ਪ੍ਰਸ਼ਾਸਨ ਵਿਚ ਉਨ੍ਹਾਂ ਦੀ ਜਾਨ ਬਚਾਈ ਸੀ। ਮੇਰਾ ਉਨ੍ਹਾਂ ਨਾਲ ਗੱਲ ਕਰਨ ਦਾ ਕੋਈ ਇਰਾਦਾ ਨਹੀਂ ਹੈ।'

# ਧੌਲ ਕਲਾਂ ਸਪੋਰਟਸ ਕਲੱਬ ਵੱਲੋਂ ਟੂਰਨਾਮੈਂਟ ਦੀ ਕੀਤੀ ਸ਼ੁਰੂਆਤ

**ਅੰਮ੍ਰਿਤਸਰ** - ਖੇਡਾਂ ਹੱਥੋਂ ਖਾਲੀ ਪਈਆਂ ਗਰਾਉਂਡਾਂ ਨੂੰ ਮੁੜ ਨੌਜਵਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ ਇਹ ਵਿਚਾਰ ਸਪੋਰਟਸ ਕਲੱਬ ਧੌਲ ਦੇ ਪ੍ਰਬੰਧਕ ਬਾਊ ਧੌਲ ਦੀਪੂ ਧੌਲ ਦੀ ਅਗਵਾਈ ਹੇਠ ਰੱਖੇ ਗਏ ਟੂਰਨਾਮੈਂਟ ਦਾ ਉਦਘਾਟਨ ਕਰਦਿਆਂ ਡਾ ਪੂਨਮ ਗਿੱਲ ਸਰਪੰਚ ਧਰਮਿੰਦਰ ਸਿੰਘ ਸ਼ਾਹ ਸਾਬਕਾ ਥਾਣੇਦਾਰ ਦਲਬੀਰ ਸਿੰਘ ਠੇਕੇਦਾਰ ਸੁਖਦੇਵ ਸਿੰਘ ਵੱਲੋਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਹਨਾਂ ਕਿਹਾ ਕਿ ਜਿੱਥੇ ਨੌਜਵਾਨ ਪੀੜੀ ਨੂੰ ਬਚਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਜਿੱਥੇ ਪੰਜਾਬ ਸਰਕਾਰ ਦੁਆਰਾ ਉਪਰਾਲਾ ਕੀਤਾ ਜਾ ਰਿਹਾ ਹੈ ਉੱਥੇ ਉਹ ਪਿੰਡ ਪੱਧਰ ਤੇ ਮੁੜ ਖਿਡਾਰੀਆਂ ਨੂੰ ਆਪਣੇ ਵਿਰਸੇ ਨਾਲ ਸੰਬੰਧਿਤ ਖੇਡਾਂ ਨਾਲ ਜੋੜਨਗੇ ਖੇਡਾਂ ਵਿੱਚ ਕ੍ਰਿਕਟ ਦੌੜ ਨੂੰ ਸ਼ਾਮਿਲ ਕੀਤਾ ਗਿਆ ਹੈ ਇਸ ਮੌਕੇ ਗੁਰਦੇਵ ਲਾਲਾ ਸੰਦੀਪ ਸ਼ਰਮਾ ਭੋਲਾ ਸ਼ਾਹ ਸੰਧਾਵਾਲੀਆ ਰਿਕੂ ਗੁਮਸਾਬਾਦ ਐਡਵੋਕੇਟ ਜਗਜੀਤ ਸਿੰਘ ਗੁਰਲਾਲ ਸਿੰਘ ਆਦਿ ਹਾਜ਼ਰ ਸਨ



# ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਬਲਾਕ ਭੁਲੱਥ ਦੀ ਚੋਣ-ਸਤਿੰਦਰਜੀਤ ਸਿੰਘ ਪ੍ਰਧਾਨ ਬਣੇ



**ਕਪੂਰਥਲਾ - (ਜੀ ਐੱਸ)**-ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਬਲਾਕ ਭੁਲੱਥ ਦੀ ਚੋਣ ਜ਼ਿਲ੍ਹਾ ਪ੍ਰਧਾਨ ਅਮਨਜੋਤ ਸਿੰਘ ਵਾਲੀਆ ਦੀ ਅਗਵਾਈ ਹੇਠ ਬੇਗੋਵਾਲ ਵਿਖੇ ਨਿੱਜੀ ਹੋਟਲ ਵਿਚ ਸਰਬਸੰਮਤੀ ਨਾਲ ਹੋਈ, ਜਿਸ ਵਿਚ ਸਤਿੰਰਜੀਤ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਅਤੇ ਜਗਜੀਤ ਸਿੰਘ ਨੂੰ ਸਕੱਤਰ, ਮਹਿੰਦਰ ਸਿੰਘ ਨੂੰ ਕੈਸ਼ੀਅਰ ਅਤੇ ਪਰਨਬੀਰ ਕੌਰ, ਸੰਦੀਪ ਨੂੰ ਚੇਅਰਪਰਸਨ ਚੁਣਿਆ ਗਿਆ, ਇਸ ਮੌਕੇ ਅਬਜ਼ਰਵਰ ਅਰਜੁਨ ਸਿੰਘ ਅਤੇ ਅਸ਼ੋਕ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਬਲਾਕ ਭੁਲੱਥ ਦੀ ਚੋਣ ਦੌਰਾਨ ਸਰਬਸੰਮਤੀ ਨਾਲ ਚੁਣੇ ਗਏ ਪ੍ਰਧਾਨ ਸਤਿੰਦਰਜੀਤ ਸਿੰਘ, ਸਕੱਤਰ ਜਗਜੀਤ ਸਿੰਘ, ਮਹਿੰਦਰ ਸਿੰਘ ਕੈਸ਼ੀਅਰ, ਜ਼ਿਲ੍ਹਾ ਪ੍ਰਧਾਨ ਅਮਨਜੋਤ ਸਿੰਘ ਵਾਲੀਆ ਤੇ ਹੋਰ।

# ਗਾਇਕ ਅਮਨ ਹੈਪੀ ਨਵੇਂ ਟਰੈਕ "ਕਾਲਾ ਟਿੱਕਾ" ਨਾਲ ਹੋ ਰਹੇ ਹਾਜਿਰ : ਮਨੋਹਰ ਧਾਰੀਵਾਲ

**ਕਪੂਰਥਲਾ - ( ਜੀ ਐੱਸ)** ਪੰਜਾਬੀ ਸੰਗੀਤ ਇੰਡਸਟਰੀ ਵਿੱਚ ਪਿਛਲੇ ਲੰਬੇ ਅਰਸੇ ਤੋ ਚੰਗੇ ਦਿਨ , ਜਾਲ ਜੁਲਫਾਂ ਦੇ,ਸਮੇਤ ਵੱਖ ਵੱਖ ਟਰੈਕ ਨਾਲ ਸਰੋਤਿਆਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਸੁਰੀਲੇ ਗਾਇਕ ਅਮਨ ਹੈਪੀ ਬਹੁਤ ਜਲਦੀ ਨਵੇਂ ਟਰੈਕ "ਕਾਲਾ ਟਿੱਕਾ" ਨਾਲ ਸਰੋਤਿਆਂ ਦੇ ਰੂਬਰੂ ਹੋ ਰਹੇ ਹਨ।ਇਸ ਸਬੰਧੀ ਮਨੋਹਰ ਧਾਰੀਵਾਲ ਨੂੰ ਜਾਣਕਾਰੀ ਦਿੰਦਿਆਂ ਹੋਇਆ ਗਾਇਕ ਅਮਨ ਹੈਪੀ ਨੇ ਦੱਸਿਆ ਕਿ ਕਾਲ ?ਾ ਟਿੱਕਾ ਟਰੈਕ ਦੇ ਗੀਤਕਾਰ ਪਵਨ ਗਰੋਟੀਆਂ,ਮਿਊਜਕ ਡਾਇਰੈਕਟਰ ਹਰੀ ਅਮਿਤ,ਵੀਡਿਉ ਡਾਇਰੈਕਟਰ ਵਿਪਨ,ਪੋਸਟਰ ਡਿਜ਼ਾਇਨ ਜੱਸੀ ਆਰਟਸ,ਲੇਬਲ ਦਿਲਰੁਬਾ ਰਿਕਾਰਡਸ ਕੰਪਨੀ,ਵਿਸ਼ੇਸ਼ ਧੰਨਵਾਦ ਗੋਬਿੰਦ ਸੁਖੀਜਾ,ਮਨੋਹਰ ਧਾਰੀਵਾਲ ਦਾ ਹੈ ।ਇਹ ਟਰੈਕ ਬਹੁਤ ਜਲਦੀ ਸੋਸ਼ਲ ਸਾਈਟਾਂ ਯੂ ਟਿਊਬ ਅਤੇ ਵੱਖ ਵੱਖ ਚੈਨਲਾਂ ਤੇ ਵਰਲਡ ਵਾਈਡ ਰਿਲੀਜ਼ ਕੀਤਾ ਜਾਵੇਗਾ।



# ਮੋਦੀ ਸਰਕਾਰ ਵਿਸ਼ੇਸ਼ ਸੇਵਾ ਅਭਿਆਨ ਤਹਿਤ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਿਸ਼ਾਲ ਕੈਂਪ ਆਯੋਜਿਤ

## ਮੋਦੀ ਸਰਕਾਰ ਦੀਆਂ ਸਹੂਲਤਾਂ ਘਰ-ਘਰ ਪਹੁੰਚਾਉਣ ਲਈ ਲਗਾਏ ਜਾ ਰਹੇ ਹਨ ਵਿਸ਼ੇਸ਼ ਕੈਂਪ- ਹਰਜੀਤ ਸੰਧੂ

**ਤਰਨਤਾਰਨ - ਰਾਕੇਸ਼ ਨਈਅਰ ਚੋਹਲਾ**

ਭਾਰਤ ਦੀ ਸੱਤਾ 'ਤੇ ਲਗਾਤਾਰ ਤੀਸਰੀ ਵਾਰ ਕਾਮਯਾਬੀ ਨਾਲ ਬਨਣ ਵਾਲੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਕੇਂਦਰ ਵਿੱਚ ਬਿਰਾਜਮਾਨ ਭਾਜਪਾ ਸਰਕਾਰ ਵੱਲੋਂ ਦੇਸ਼ ਦੇ ਲੋਕਾਂ ਨੂੰ ਸਿੱਧੀਆਂ ਸਹੂਲਤਾਂ ਪਹੁੰਚਾਉਣ ਦੇ ਮਕਸਦ ਨਾਲ ਮੋਦੀ ਸਰਕਾਰ ਵਿਸ਼ੇਸ਼ ਸੇਵਾ ਅਭਿਆਨ ਤਹਿਤ ਪੂਰੇ ਦੇਸ਼ ਅੰਦਰ ਪੰਦਰਵਾੜਾ ਮੁਹਿੰਮ ਚਲਾ ਕੇ ਯੋਗ ਲਾਭਪਾਤਰੀਆਂ ਨੂੰ ਖੱਜਲ ਖੁਆਰੀ ਤੋਂ ਦੂਰ ਕੀਤਾ ਜਾ ਰਿਹਾ ਹੈ।ਇਸੇ ਤਹਿਤ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਮੁਹੱਲਾ ਗੋਕਲਪੁਰ ਵਿਖੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਾਰਡ ਨੰਬਰ 11 ਵਿੱਚ ਭਾਜਪਾ ਕੌਂਸਲਰ ਉਮੀਦਵਾਰ ਰਾਮੇਸ਼ ਕਲਸੀ ਅਤੇ ਜਿਲਾ ਸਕੱਤਰ ਸਵਿੰਦਰ ਸਿੰਘ ਪੰਨੂ ਅਤੇ ਉਨ੍ਹਾਂ ਦੀ ਭਾਜਪਾ ਟੀਮ ਦੇ ਉੱਦਮਾਂ ਸਦਕਾ ਡਿਜੀਟਲ ਆਨ ਲਾਈਨ ਕੈਂਪ ਲਗਾ ਕੇ ਮੌਕੇ ਤੇ ਲੋਕਾਂ ਨੂੰ ਕੇਂਦਰ ਦੀਆਂ ਸਕੀਮਾਂ ਦਾ ਲਾਭ ਦਿੱਤਾ ਗਿਆ। ਇਸ ਮੌਕੇ 'ਤੇ ਜਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹਮੇਸ਼ਾਂ ਹੀ ਖੇਤਰੀ ਪਾਰਟੀਆਂ ਨੇ ਗੁੰਮਰਾਹ ਕੀਤਾ ਹੈ ਅਤੇ ਵੱਖ ਵੱਖ ਸਮੇਂ ਤਹਿਤ ਝੂਠ ਦੀ ਰਾਜਨੀਤੀ ਕਰਕੇ ਲੋਕਾਂ ਨੂੰ ਕਰਜੇ ਦੇ ਬੋਝ ਹੇਠ ਦਬਾਈ ਰੱਖਿਆ ਹੈ ਪਰ ਹੁਣ ਲੋਕਾਂ ਦੇ ਘਰਾਂ ਤੱਕ ਭਾਜਪਾ ਆਪਣੀਆਂ ਨੀਤੀਆਂ ਪਹੁੰਚਾਉਣ ਵਿੱਚ ਕਾਮਯਾਬ ਹੋ ਰਹੀ ਹੈ ਅਤੇ ਲੋਕ ਵੀ ਜਾਗਰੂਕ ਹੋ ਰਹੇ ਹਨ ਕਿ ਜਿੰਨੀਆਂ ਵੀ ਸਹੂਲਤਾਂ ਸਰਕਾਰੀ ਤੌਰ ਤੇ ਲੋਕਾਂ ਨੂੰ ਮਿਲਦੀਆਂ ਹਨ ਉਹ ਸਾਰੀਆਂ



ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਬਿਨਾਂ ਕਿਸੇ ਭੇਦਭਾਵ ਦੇ ਦੇਸ਼ ਵਿੱਚ ਬਰਾਬਰ ਦਿੱਤੀਆਂ ਜਾ ਰਹੀਆਂ ਹਨ,ਪਰ ਪੰਜਾਬ ਦੇ ਹਾਕਮਾਂ ਦੇ ਮਾੜੀ ਨੀਤੀ ਕਰਕੇ ਸਾਡੇ ਤੱਕ ਪਹੁੰਚਣ ਵਿੱਚ ਜੋ ਮੁਸ਼ਕਿਲ ਆ ਰਹੀ ਸੀ ਉਹ ਹੁਣ ਜਲਦੀ ਦੂਰ ਹੋ ਜਾਵੇਗੀ,ਕਿਉਂਕਿ ਭਾਜਪਾ ਦੇ ਆਗੂ ਆਪ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ।ਇਸੇ ਤਹਿਤ ਹੀ ਪਿੰਡਾਂ ਵਿੱਚ ਡਿਜੀਟਲ ਕੈਂਪ ਲਗਾ ਕੇ ਪੰਜ ਲੱਖ ਤੱਕ ਰੁਪਏ ਦਾ ਮੁਫਤ ਇਲਾਜ ਲਈ ਮੈਡੀਕਲ ਕਾਰਡ,ਕਿਸਾਨ ਸਨਮਾਨ ਨਿਧੀ,ਅਵਾਸ ਯੋਜਨਾ ਤਹਿਤ ਗਰੀਬਾਂ ਦੇ ਕੱਚੇ ਮਕਾਨ ਪੱਕੇ ਕਰਨ ਦੀ ਸਹੂਲਤ,ਈ-ਸ਼ਰਮ ਕਾਰਡ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ਐਨਐਸਏਪੀ ਤਹਿਤ ਪੈਨਸ਼ਨ, ਪ੍ਰਧਾਨ ਮੰਤਰੀ ਸੂਰਯਾ ਘਰ ਮੁਫਤ ਬਿਜਲੀ ਯੋਜਨਾ,ਟੂਰ ਕਿੱਟ ਵੰਡ ਪ੍ਰੋਗਰਾਮ ਆਦਿ ਸਕੀਮਾਂ 'ਤੇ ਹੀ ਦਿੱਤੀਆਂ ਜਾ ਰਹੀਆਂ ਹਨ।ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਦੇਸ਼ ਦੇ ਹਰ ਸੂਬੇ ਅਤੇ ਹਰ ਘਰ ਵਿੱਚ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਨੂੰ ਹਰ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਦਾ ਟੀਚਾ ਹੈ,ਜਿਸ ਨੂੰ ਸਕਾਰ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਅਤੇ ਉਨ੍ਹਾਂ ਦੇ ਮਿਹਨਤੀ ਸਾਥੀ ਇਸ ਕਾਰਜ ਨੂੰ ਪੂਰਾ ਕਰਨ ਲਈ ਦਿਨ ਰਾਤ ਪੂਰੀ ਮਿਹਨਤ,ਲਗਨ ਨਾਲ ਲੋਕਾਂ ਦੇ ਘਰਾਂ ਵਿੱਚ ਵਿੱਚ ਜਾ ਕੇ ਸੇਵਾ ਨਿਭਾ ਰਹੇ ਹਨ ਅਤੇ ਲੋਕ ਵੀ ਜਾਗਰੂਕ ਹੋ ਚੁੱਕੇ ਹਨ ਅਤੇ ਵੱਧ ਤੋਂ ਵੱਧ ਮੋਦੀ ਸਰਕਾਰ ਦੇ ਕੈਂਪਾਂ ਵਿੱਚ ਸ਼ਿਰਕਤ ਕਰਕੇ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਸਹੂਲਤਾਂ ਦਾ ਲਾਭ ਲੈ ਰਹੇ ਹਨ ।ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ,ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ,ਸਰਕਲ ਸ਼ਹਿਰੀ ਪ੍ਰਧਾਨ ਰੋਹਿਤ ਸ਼ਰਮਾ,ਯੁਵਾ ਮੋਰਚਾ ਪ੍ਰਧਾਨ ਦਿਨੇਸ਼ ਜੋਸ਼ੀ, ਸੀਨੀਅਰ ਆਗੂ ਪਵਨ ਕੁੰਦਰਾ, ਸੀਨੀਅਰ ਆਗੂ ਪਵਨ ਦੇਵਗਨ, ਸਕੱਤਰ ਸਵਿੰਦਰ ਸਿੰਘ ਪੰਨੂ,ਮੋਰਚਾ ਜਨਰਲ ਸਕੱਤਰ ਹਰਜੀਤ ਸਿੰਘ ਕੰਗ, ਯੁਵਾ ਮੋਰਚਾ,ਬਾਬਾ ਹਰਪ੍ਰੀਤ ਸਿੰਘ ਖਾਲਸਾ,ਪੰਡਿਤ ਮਾਲੀ ਰਾਮ,ਦੀਪਕ ਸ਼ਰਮਾ,ਨਿਸ਼ਾਨ ਸਿੰਘ ਗਿਆਨ ਢਾਬੇ ਵਾਲੇ, ਮਨਦੀਪ ਮੋਨੂ, ਕਸ਼ਮੀਰ ਸਿੰਘ ਮੁਰਾਦਪੁਰ, ਅਮਰੀਕ ਸਿੰਘ,ਨਾਨਕ ਚੰਦ, ਬਲਕਾਰ ਸਿੰਘ, ਪ੍ਰਵੀਨ ਕਾਲਾ,ਗਿੰਦੋ ਪ੍ਰਧਾਨ,ਜੱਸਾ ਸਿੰਘ,ਸਰਬਜੀਤ ਸਿੰਘ ਆਦਿ ਪਾਰਟੀ ਆਗੂ ਸਾਹਿਬਾਨ ਮੌਜੂਦ ਸਨ।

# ਸ਼੍ਰੀ ਮੁਕਤਸਰ ਸਾਹਿਬ ਤੋਂ ਤਿੰਨ ਕਥਿਤ ਅਪਰਾਧੀ ਗ੍ਰਿਫ਼ਤਾਰ; 174 ਗ੍ਰਾਮ ਹੈਰੋਇਨ, ਦੋ ਪਿਸਤੌਲਾਂ ਬਰਾਮਦ



**ਚੰਡੀਗੜ੍ਹ/ਸ੍ਰੀ ਮੁਕਤਸਰ ਸਾਹਿਬ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਪਰਾਧ ਮੁਕਤ ਅਤੇ ਸੁਰੱਖਿਅਤ ਪੰਜਾਬ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਪੰਜਾਬ ਨੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਤਿੰਨ ਕਥਿਤ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ .32 ਬੋਰ ਪਿਸਤੌਲਾਂ ਸਮੇਤ 10 ਜ਼ਿੰਦਾ ਕਾਰਤੂਸ ਅਤੇ 174 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੌਰਵ ਕੁਮਾਰ ਉਰਫ਼ ਬਿੱਲਾ, ਵਿਕਾਸਦੀਪ ਸਿੰਘ ਅਤੇ ਲਵਪ੍ਰੀਤ ਸਿੰਘ, ਸਾਰੇ ਵਾਸੀ ਸ੍ਰੀ ਮੁਕਤਸਰ ਸਾਹਿਬ, ਵਜੋਂ ਹੋਈ ਹੈ । ਤਿੰਨੇਂ ਮੁਲਜ਼ਮ ਬੀ.ਐਨ.ਐਸ. ਅਤੇ ਅਸਲਾ ਐਕਟ ਤਹਿਤ ਗੰਭੀਰ ਅਪਰਾਧਾਂ ਸਮੇਤ ਕਈ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਗੌਰਵ ਉਰਫ਼ ਬਿੱਲਾ ਪੁਲਿਸ ਸਟੇਸ਼ਨ ਸਿਟੀ ਮਲੋਟ ਵਿਖੇ ਦਰਜ ਇੱਕ ਮਾਮਲੇ ਵਿੱਚ ਭਗੌੜਾ ਸੀ, ਜਦੋਂ ਕਿ ਵਿਕਾਸਦੀਪ ਸਿੰਘ ਅਤੇ ਲਵਪ੍ਰੀਤ ਸਿੰਘ ਪੁਲਿਸ ਸਟੇਸ਼ਨ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਕਈ ਮਾਮਲਿਆਂ ਵਿੱਚ ਲੋੜੀਂਦੇ ਸਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਤਿੰਨੋਂ ਅਪਰਾਧੀ ਆਪਣੇ ਕਿਸੇ ਵਿਰੋਧੀ ਨੂੰ ਖਤਮ ਕਰਨ ਦੀ ਯੋਜਨਾ ਬਣਾ ਰਹੇ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏ.ਜੀ.ਟੀ.ਐਫ. ਪ੍ਰਮੋਦ ਬਾਨ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਤਿੰਨੋਂ ਮੁਲਜ਼ਮਾਂ ਨੂੰ ਫਲਾਈਓਵਰ ਬ੍ਰਿਜ ਹੇਠਾਂ ਇੱਕ ਪੋਲੀਥੀਨ ਬੈਗ ਫ਼ਰੋਲ਼ਦਿਆਂ ਦੇਖਿਆ।

# ਲੁਧਿਆਣਾ ਪੱਛਮੀ ਦੀ ਜਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਦੀ ਹੋਵੇਗੀ ਇਤਿਹਾਸਕ ਜਿੱਤ, ਵਿਰੋਧੀਆਂ ਨੂੰ ਕਰੇਗੀ ਚਾਰੋਂ ਖ਼ਾਨੇ ਚਿੱਤ, ਕਾਂਗਰਸ ਪਾਰਟੀ ਪੂਰੀ ਤਰ੍ਹਾਂ ਇੱਕ ਜੁੱਟ

## ਵਿਧਾਇਕ ਰਮਨ ਅਰੋੜਾ ਤੋਂ ਬਾਅਦ ਪੰਜਾਬ ਸਰਕਾਰ ਨੇ ਦਿੱਤੀ ਐਸ ਐਸ ਪੀ ਦੀ ਬਲੀ- ਕੱਕੜ

**ਸ੍ਰੀ ਅੰਮ੍ਰਿਤਸਰ ਸਾਹਿਬ - (ਬਿਊਰੋ)**- ਲੁਧਿਆਣਾ ਪੱਛਮੀ ਦੀ ਜਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਇਸ ਵਾਰ ਇਤਿਹਾਸ ਰਚੇਗੀ।ਇਸ ਚੋਣ ਵਿੱਚ ਕਾਂਗਰਸ ਪਾਰਟੀ ਇਤਿਹਾਸਕ ਜਿੱਤ ਦਰਜ ਕਰੇਗੀ ਅਤੇ ਵਿਰੋਧੀਆਂ ਨੂੰ ਚਾਰੋਂ ਖ਼ਾਨੇ ਚਿੱਤ ਕਰੇਗੀ ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸ੍ਰ ਸੁੱਖਬਿੰਦਰ ਸਿੰਘ ਸਰਕਾਰੀਆ ਜੀ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਕਾਂਗਰਸ ਪਾਰਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਹਰ ਵਰਗ ਨਾਲ ਧੋਖਾ ਕੀਤਾ ਹੈ। ਕੇਂਦਰ ਵਿਚਲੀ ਭਾਜਪਾ ਸਰਕਾਰ ਨਾਲ ਮਿਲਕੇ ਪੰਜਾਬ ਦੇ ਅੰਨਦਾਤਾ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਭਲੀਭਾਂਤ ਜਾਣੂੰ ਹੋ ਗਈ ਹੈ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਇੱਕ ਜੁੱਟ ਹੈ।ਇਹ ਦੋਵੇਂ ਪਾਰਟੀਆਂ ਮਿਲਕੇ ਪੰਜਾਬ ਦਾ ਨੁਕਸਾਨ ਕਰਨ ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਆਪਣੀ ਹਾਰ ਨੂੰ ਪ੍ਰਤੱਖ ਵੇਖਦਿਆਂ ਨਵੇਂ ਨਵੇਂ ਡਰਾਮੇਂ ਰੱਚ ਰਹੀ ਹੈ। ਸੰਗਰੂਰ ਦੀ ਜਿੰਮਨੀਂ ਚੋਣ ਵਾਂਗ ਲੁਧਿਆਣੇ ਦੀ ਜਿੰਮਨੀਂ ਚੋਣ ਵਿੱਚ ਵੀ ਪਹਿਲਾਂ ਆਪਣੇ ਵਿਧਾਇਕ ਰਮਨ ਅਰੋੜਾ ਨੂੰ ਬਲੀ ਦਾ ਬੱਕਰਾ ਬਣਾਇਆ, ਪਰ ਫਿਰ ਹਾਰ ਹੁੰਦੀ ਵੇਖ ਕੇ ਐਸ ਐਸ ਪੀ ਵਿਜੀਲੈਂਸ ਜਗਤਪ੍ਰੀਤ ਸਿੰਘ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਕੱਕੜ ਨੇ ਕਿਹਾ ਕਿ ਸਰਕਾਰ ਆਮ ਆਦਮੀ ਪਾਰਟੀ ਦੀ ਹੋਵੇ ਗ੍ਰਹਿ ਵਿਭਾਗ ਮੁੱਖ ਮੰਤਰੀ ਜੀ ਕੋਲ ਹੋਵੇ ਫਿਰ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਭਾਰਤ ਭੂਸ਼ਣ ਜੀ ਨੂੰ ਸੰਮਨ ਕਿਵੇਂ ਜਾਰੀ ਹੋ ਗਏ।ਉਨ੍ਹਾਂ ਕਿਹਾ ਕਿ ਸੰਗਰੂਰ ਦੀ ਜਿੰਮਨੀਂ ਚੋਣ ਵਿੱਚ ਵੀ ਮਾਨ ਸਰਕਾਰ ਨੇ ਮੂੰਹ ਦੀ ਖਾਧੀ ਸੀ ਅਤੇ ਇਸ ਚੋਣ ਵਿੱਚ ਵੀ ਮਾਨ ਸਰਕਾਰ ਮੂੰਹ ਦੀ ਖਾਏਗੀ। ਇਸ ਮੌਕੇ ਉਨ੍ਹਾਂ ਨਾਲ ਐਡਵੋਕੇਟ ਮਨਦੀਪ ਸਿੰਘ ਮੁਹਾਰ,ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾਛੀਨਾਂ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ,ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਕੁਲਦੀਪ ਸਿੰਘ ਔਲਖ ਚੋਗਾਵਾਂ, ਨਿਰਵੈਲ ਸਿੰਘ ਚੋਗਾਵਾਂ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਗੁਰਮੇਜ ਸਿੰਘ ਬਬਲਾ ਕੋਟਲਾ, ਸਰਪੰਚ ਸੋਨਾ ਸਿੱਧੂ ਬਲੱਗਣ, ਡਾਕਟਰ ਪ੍ਰਗਟ ਸਿੰਘ ਭੁੱਲਰ, ਗੁਰਮੀਤ ਸਿੰਘ ਡਾਲਾ, ਸ਼ਮਸ਼ੇਰ ਸਿੰਘ ਸਾਰੰਗੜਾ, ਰੇਸ਼ਮ ਸਿੰਘ ਬੱਚੀਵਿੰਡ, ਜੁਰਤਪਾਲ ਸਿੰਘ ਓਡਰ, ਅਮਰਜੀਤ ਸਿੰਘ ਜੋਏਕੇ, ਸਰਪੰਚ ਬੱਬੂ ਕਾਵੇਂ, ਮੇਜਰ ਸਿੰਘ ਰੈਂ, ਬਲਜੀਤ ਸਿੰਘ ਪੰਡੋਰੀ, ਜਸਪਾਲ ਸਿੰਘ ਦਸ਼ਮੇਸ਼ ਨਗਰ, ਸੁਖਦੇਵ ਸਿੰਘ ਨੱਥੂਪੁਰ, ਰੇਸ਼ਮ ਸਿੰਘ ਲੋਧੀਗੁੱਜਰ, ਸੂਬਾ ਸਿੰਘ ਹੇਤਮਪੁਰਾ, ਲਖਵਿੰਦਰ ਸਿੰਘ ਭਿੱਟੇਵੱਡ, ਦਲਬੀਰ ਸਿੰਘ ਕੋਹਾਲੀ, ਬਾਬਾ ਦਲਬੀਰ ਸਿੰਘ ਪੱਧਰੀ, ਸੁਖਦੇਵ ਸਿੰਘ ਵਣੀਏਕੇ, ਸਾਹਬੀ ਚੈਨਪੁਰ, ਸੁੱਖ ਸ਼ਾਹ ਭਿੱਟੇਵੱਡ,ਸੁਰਜੀਤ ਸਿੰਘ ਰਾਣੀਆਂ, ਗੁਰਜੰਟ ਸਿੰਘ ਮੁੱਧ ਆਦਿ ਹਾਜ਼ਰ ਸਨ।

